

# ਸੋਚ-ਵਿਚਾਰ ਵਿੱਚ

ਅੰਗ ਅਤੇ ਟਿਸ਼ੂ ਦਾਨ ਪ੍ਰੋਗ੍ਰਾਮ ਵਿੱਚ ਭਾਗ ਲੈਣ
ਵਾਲੇ ਪਰਿਵਾਰਾਂ ਦਾ ਸਮਰਥਨ ਕਰਨਾ

donate life

Punjabi

@ਆਰਗਨ ਐਂਡ ਟਿਸ਼ੂ ਅਥਾਰਟੀ 2020

ਇਹ ਕਿਤਾਬਚਾ ਮੂਲ ਲੇਖਕਾਂ ਦੇ ਤੌਰ 'ਤੇ DonateLife ਏਜੰਸੀਆਂ ਨਾਲ ਭਾਈਵਾਲੀ ਵਿੱਚ ਤਿਆਰ ਕੀਤਾ ਗਿਆ ਸੀ।

ਟੈਲੀਫੋਨ 02 6198 9800

ਫੈਕਸ 02 6198 9801

ਈਮੇਲ enquiries@donatelife.gov.au

**www.donatelife.gov.au**

# ਜੀਵਨ ਦੇ ਚਮਤਕਾਰ

**ਅੱਜ ਮੈਂ ਸਭ ਤੋਂ ਅਦਭੁਤ ਚੀਜ਼ਾਂ ਵੇਖੀਆਂ। ਅੱਜ ਮੈਂ ਇੱਕ ਚਮਤਕਾਰ ਵੇਖਿਆ। ਮੈਂ ਸੂਰਜ ਚੜ੍ਹਦਾ ਵੇਖਿਆ। ਮੈਂ ਇੱਕ ਬੱਚੇ ਨੂੰ ਹੱਸਦੇ ਵੇਖਿਆ। ਮੈਂ ਇੱਕ ਪਰਿਵਾਰ ਨੂੰ ਇੱਕ-ਦੂਜੇ ਨੂੰ ਚੁਮੱਦੇ ਵੇਖਿਆ। ਮੈਂ ਆਪਣੇ ਬਗੀਚੇ ਵਿੱਚ ਇੱਕ ਫੁੱਲ ਵੇਖਿਆ। ਇਹ ਹਰੇਕ ਗੱਲ ਇੱਕ ਚਮਤਕਾਰ ਸੀ, ਕਿਉਂਕਿ ਇਹ ਮੇਰੇ ਜੀਵਨ ਨੂੰ ਚਮਤਕਾਰੀ ਬਣਾਉਂਦੀਆਂ ਹਨ।**

ਅਤੇ ਪਿੱਛਲੇ ਸਤਾਰਾਂ ਸਾਲਾਂ ਵਿੱਚ ਹਰੇਕ ਦਿਨ ਮੈਂ ਅੰਗ ਟ੍ਰਾਂਸਪਲਾਂਟੇਸ਼ਨ ਦੁਆਰਾ ਮੈਨੂੰ ਜੀਵਨ ਵਿੱਚ ਦਿੱਤੇ ਦੂਜੇ ਅਵਸਰ ਦੀ ਮੈਂ ਸ਼ਲਾਘਾ ਕੀਤੀ ਹੈ ਅਤੇ ਇਸਦਾ ਆਨੰਦ ਲਿਆ ਹੈ।

ਸਾਰੇ ਟ੍ਰਾਂਸਪਲਾਂਟ ਪ੍ਰਾਪਤਕਰਤਾਵਾਂ ਵਲੋਂ, ਮੈਂ ਉਨ੍ਹਾਂ ਸਾਰਿਆਂ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਟਿਸ਼ੂ ਅਤੇ ਅੰਗ ਦਾਨ ਦਿੱਤੇ ਹਨ। ਜੀਵਨ ਪ੍ਰਤੀ ਉਨ੍ਹਾਂ ਦੇ ਪਿਆਰ ਅਤੇ ਆਪਣੀ ਮੌਤ ਸਮੇਂ ਹੋਰ ਲੋਕਾਂ ਦੀ ਮਦਦ ਕਰਨ ਦੇ ਉਨ੍ਹਾਂ ਦੇ ਫੈਸਲੇ ਦੁਆਰਾ, ਉਹ ਹੋਰ ਮਨੁੱਖਾਂ ਨੂੰ ਜੀਵਨ ਦੇਣਾ ਜਾਰੀ ਰੱਖਦੇ ਹਨ।

ਆਓ ਅਸੀਂ ਸਾਰੇ ਦਾਣੀ ਪਰਿਵਾਰਾਂ ਦਾ ਧੰਨਵਾਦ ਕਰੀਏ ਅਤੇ ਉਨ੍ਹਾਂ ਦੇ ਸ਼ੁਕਰਗੁਜਾਰ ਰਹਿਏ। ਅਜਿਹੇ ਲੋਕ, ਜੋ ਕਿਸੇ ਅਜਿਹੇ ਸਦਮੇ ਸਮੇਂ ਜਿਸਦੀ ਕਈ ਲੋਕ ਕਲਪਨਾ ਵੀ ਨਹੀਂ ਕਰ ਸਕਦੇ ਹਨ, ਦੇ ਦੌਰਾਨ ਸਦਮੇ ਤੋਂ ਪਰੇ ਸ਼ਕਤੀ ਅਤੇ ਸਹਾਨੂਭੂਤੀ ਨੂੰ ਦੇਖਦੇ ਹਨ; ਜੋ ਆਪਣੇ ਪਿਆਰਿਆਂ ਦੇ ਫੈਸਲਿਆਂ ਦਾ ਸਨਮਾਨ ਕਰਦੇ ਹਨ ਜਾਂ ਉਨ੍ਹਾਂ ਵਲੋਂ ਫੈਸਲੇ ਲੈਂਦੇ ਹਨ; ਤਾਂਜੋ ਹੋਰ ਲੋਕ ਜੀਵਨ ਜੀ ਸਕਨ ਅਤੇ ਇੱਕ ਅਜਿਹੀ ਜੀਵਨ-ਸ਼ੈਲੀ ਅਪਣਾ ਸਕਨ ਜੋ ਉਂਝ ਉਨ੍ਹਾਂ ਲਈ ਸੰਭਵ ਨਹੀਂ ਹੋਵੇਗੀ।

ਹਰ ਰੋਜ਼ ਮੈਂ ਉਨ੍ਹਾਂ ਦੋ ਲੋਕਾਂ ਦਾ ਧੰਨਵਾਦ ਕਰਦੀ ਹਾਂ ਜੋ ਜੀਵਨ ਨੂੰ ਪਿਆਰ ਕਰਦੇ ਸੀ ਅਤੇ ਜਿਨ੍ਹਾਂ ਨੇ ਮੈਨੂੰ, ਪੂਰੀ ਤਰ੍ਹਾਂ ਇੱਕ ਅਜਨਬੀ ਨੂੰ, ਦਿਲ ਦਾ ਦਾਨ ਕੀਤਾ ਜੋ ਬਿਨਾਂ ਰੁਕੇ ਧੜਕਦਾ ਹੈ, ਤਾਂਜੋ ਮੈਂ ਚੜ੍ਹਦਾ ਸੂਰਜ ਵੇਖ ਸਕਾਂ; ਗਲੇ ਲੱਗਣ ਦੇ ਅਹਿਸਾਸ ਨੂੰ ਮਹਿਸੂਸ ਕਰ ਸਕਾਂ; ਕਿਸੇ ਫੁੱਲ ਦੀ ਖੁਸ਼ਬੂ ਲੈ ਸਕਾਂ; ਕਿਸੇ ਫਲ ਦੇ ਤਾਜੇਪਣ ਦਾ ਸਵਾਦ ਲੈ ਸਕਾਂ; ਅਤੇ ਕਿਸੇ ਬੱਚੇ ਦੀ ਹੱਸੀ ਸੁਣ ਸਕਾਂ।

ਇਹ ਜੀਵਨ ਦੇ ਹਰ ਰੋਜ਼ ਦੇ ਚਮਤਕਾਰ ਹਨ ਜਿਨ੍ਹਾਂ ਨੂੰ ਕਈ ਲੋਕ ਅਹਿਮਿਯਤ ਨਹੀਂ ਦਿੰਦੇ ਹਨ। ਜੋ ਗੱਲਾਂ ਕੁੱਝ ਲੋਕਾਂ ਲਈ ਸਾਧਾਰਨ ਹੋ ਸਕਦੀਆਂ ਹਨ ਉਹ ਮੇਰੇ ਲਈ ਅਸਾਧਾਰਨ ਹਨ।

**Fiona Coote**

**"ਜਦੋਂ ਤੁਸੀਂ ਉਦਾਸ ਹੁੰਦੇ ਹੋ, ਤਾਂ ਮੁੜ ਆਪਣੇ ਦਿਲ ਵੱਲ ਵੇਖੋ, ਅਤੇ ਤੁਹਾਨੂੰ ਸੱਚਾਈ ਵਿਖਾਈ ਦਵੇਗੀ, ਤੁਸੀਂ ਇੱਕ ਅਜਿਹੀ ਚੀਜ਼ ਲਈ ਰੋ ਰਹੇ ਹੋ ਜੋ ਅਸਲ ਵਿੱਚ ਤੁਹਾਡੀ ਖੁਸ਼ੀ ਰਹੀ ਹੈ।"**

**Kahlil Gibran**

# ਇੱਕ ਦਾਨੀ ਪਰਿਵਾਰ ਦੀ ਕਹਾਨੀ

**2014 ਦੀ ਸ਼ੁਰੂਆਤ ਵਿੱਚ ਮੇਰੇ ਪਿਤਾਜੀ ਦਾ ਦਿਹਾਂਤ ਹੋ ਗਿਆ ਸੀ। ਅੱਜ, ਅਤੇ ਆਉਣ ਵਾਲੇ ਕਈ ਸਾਲਾਂ ਲਈ, ਅਸੀਂ ਇਸ ਨਤੀਜੇ ਨਾਲ ਜੀਵਨ ਬਤੀਤ ਕਰਾਂਗੇ ਕਿ ਉਹ ਸਾਡੇ ਵਿੱਚ ਨਹੀਂ ਹਨ ਅਤੇ ਹਾਲਾਂਕਿ ਇਹ ਦੁਖ ਉਸ ਸਦਮੇ ਅਤੇ ਵਿਰਾਗ ਦੇ ਬਰਾਬਰ ਨਹੀਂ ਹੈ ਜੋ ਇੱਕ ਸਮੇਂ ਸੀ, ਪਰ ਇਸ ਕਮੀ ਦਾ ਅਹਿਸਾਸ ਹਮੇਸ਼ਾ ਰਹਿੰਦਾ ਹੈ। ਫਿਰ ਵੀ ਮੈਂ ਆਪਣੇ ਆਪ ਨੂੰ ਖੁਸ਼ਨਸੀਬ ਮੰਨਦਾ ਹਾਂ ਕਿ ਮੈਨੂੰ ਇਹ ਪਤਾ ਹੈ ਕਿ ਮੇਰੇ ਪਿਤਾਜੀ ਇੱਕ ਅੰਗ ਦਾਨੀ ਸੀ ਅਤੇ ਮੇਰੇ ਸਮੇਤ, ਕਈ ਲੋਕਾਂ ਲਈ ਇੱਕ ਹੀਰੋ ਸੀ।**

ਇਹ ਡਰ ਕਿ ਤੁਸੀਂ ਆਪਣੇ ਪਿਆਰੇ ਦੀ ਆਵਾਜ਼ ਕਦੇ ਨਹੀਂ ਸੁਣੇਗੇ ਜਾਂ ਉਸਨੂੰ ਕਦੇ ਨਹੀਂ ਵੇਖੋਗੇ, ਇਹ ਘਬਰਾਉਣ ਵਾਲਾ ਅਹਿਸਾਸ ਹੋ ਸਕਦਾ ਹੈ। ਆਪਣੀ ਅੰਤਮ ਰਾਤ ਸਮੇਂ ਮੇਰੇ ਪਿਤਾਜੀ ਸਮੁਦਰੀ ਤੱਟ ਤੇ ਕ੍ਰਿਕੇਟ ਖੇਡ ਰਹੇ ਸੀ, ਆਪਣੀ ਕੁੜੀਆਂ ਨਾਲ ਹੱਸਖੇਡ ਰਹੇ ਸੀ ਅਤੇ ਘਰ ਵਿੱਚ ਬਣੀ ਸ਼ਾਰਟਬ੍ਰੇਡ ਆਈਸਕ੍ਰੀਮ ਦਾ ਮਜ਼ਾ ਲੈ ਰਹੇ ਸੀ ਅਤੇ ਆਪਣੇ ਮੁੰਡੇ ਅਤੇ ਪਤਨੀ ਨਾਲ 'The Hobbit' ਦੇਖ ਰਹੇ ਸੀ। ਇਹ ਇੱਕ ਸ਼ਾਨਦਾਰ ਜੀਵਨ ਦਾ ਸਹੀ ਅੰਤ ਸੀ, ਬਿਲਕੁਲ ਜਿਵੇਂ ਕਿ ਉਨ੍ਹਾਂ ਨੇ ਆਪਣੀ ਅੰਤਮ ਰਾਤ ਦੀ ਕਹਾਨੀ ਸਾਡੇ ਨਾਲ ਬਤੀਤ ਕਰਦੇ ਹੋਏ ਆਪਣੇ ਆਪ ਲਿੱਖੀ ਹੋਵੇ। ਪਰ ਕੁੱਝ ਹੀ ਘੰਟਿਆਂ ਵਿੱਚ ਸਾਡੇ ਸਾਮ੍ਹਣੇ ਇਹ ਸਵਾਲ ਆਇਆ ਕਿ ਕੀ ਅਸੀਂ ਉਨ੍ਹਾਂ ਦੇ ਅੰਗ ਦਾਨ ਕਰਨਾ ਚਾਹੁੰਦੇ ਹਾਂ ਜਾਂ ਨਹੀਂ। ਇਹ ਬੋਲਣ ਜਾਂ ਸੋਚਣ ਵਿੱਚ ਅਜੀਬ ਲਗ ਸਕਦਾ ਹੈ, ਪਰ ਜਿਨ੍ਹਾਂ ਲੋਕਾਂ ਨੂੰ ਜੀਵਨ ਵਿੱਚ ਦੂਜੇ ਅਵਸਰ ਦੀ ਲੋੜ ਹੁੰਦੀ ਹੈ ਉਨ੍ਹਾਂ ਲਈ ਇਸ ਸਵਾਲ ਦੇ ਹਾਂ ਜਾਂ ਨਹੀਂ ਦੇ ਜਵਾਬ ਦਾ ਅਸਲ ਵਿੱਚ ਬਹੁਤ ਮਹਤਵ ਹੁੰਦਾ ਹੈ।

ਮੈਨੂੰ ਨਹੀਂ ਲਗਦਾ ਕਿ ਮੈਂ ਕਦੇ ਅਜਿਹੀ ਉਦਾਰਤਾ ਦਾ ਅਹਿਸਾਸ ਕੀਤਾ ਹੈ ਜੋ ਉਸ ਦਿਨ ਹਸਪਤਾਲ ਵਿੱਚ ਡਾਕਟਰਾਂ ਅਤੇ ਨਰਸਾਂ ਤੋਂ ਮਿਲੀ। ਜਦੋਂ ਅਸੀਂ ਪਿਤਾਜੀ ਨੂੰ ਅੰਤਮ ਅਲਵਿਦਾ ਕੀਤੀ, ਤਾਂ ਉਨ੍ਹਾਂ ਨੇ ਸਾਡੇ ਹੱਥ ਫੜੇ ਅਤੇ ਸਾਡੇ ਨਾਲ ਸ਼ੋਕ ਪ੍ਰਗਟ ਕੀਤਾ ਜਦਕਿ ਅਸੀਂ ਉਸ ਸਦਮੇ ਤੋਂ ਗੁਜਰ ਰਹੇ ਸੀ ਅਤੇ ਉਨ੍ਹਾਂ ਨੇ ਪੂਰੀ ਪ੍ਰਕ੍ਰਿਆ ਵਿੱਚ ਪਿਤਾਜੀ ਨਾਲ ਪੂਰੇ ਸਨਮਾਨ ਨਾਲ ਵਿਹਾਰ ਕੀਤਾ। ਅੱਜ ਅਸੀਂ ਇਸ ਵਧੀਆ ਅਹਿਸਾਸ ਨਾਲ ਜੀਵਨ ਬਤੀਤ ਕਰ ਰਹੇ ਹਾਂ ਕਿ ਅਸੀਂ ਉਹ ਫੈਸਲਾ ਲਿਆ। ਇਹ ਮੌਤ ਦੀ ਅੰਤਮ ਸਥਿਤੀ ਖਿਲਾਫ ਇੱਕ ਉਮੀਦ ਜਗਾਉਂਦਾ ਹੈ ਅਤੇ ਸਾਡੇ ਨੁਕਸਾਨ ਵਿੱਚ ਕਿਸੇ ਹੋਰ ਪਰਿਵਾਰ ਨੂੰ ਉਸ ਮਾਨਸਿਕ ਦਰਦ ਤੋਂ ਬਚਾਉਣ ਦੀ ਸਮਰਥਾ ਦਾ ਮੌਕਾ ਸਾਮ੍ਹਣੇ ਆਇਆ ਜੋ ਅਸੀਂ ਝੇਲੀ ਸੀ।

ਅੰਗ ਦਾਨ ਇੱਕ ਵਧੀਆ ਕਾਰਜ ਹੈ, ਅਤੇ ਇੱਕ ਅਜਿਹਾ ਕਾਰਜ ਜੋ ਬਹੁਤ ਵੱਡੇ ਸਦਮੇ ਦੇ ਨਤੀਜੇ ਵਜੋ ਸਾਮ੍ਹਣੇ ਆਉਂਦਾ ਹੈ। ਸ਼ਾਇਦ ਇਸਲਈ ਹੀ ਇਹ ਕਾਰਜ ਸਭਤੋਂ ਕੀਮਤੀ ਉਪਹਾਰ ਬਣ ਜਾਂਦਾ ਹੈ ਅਤੇ ਮੈਨੂੰ ਇਹ ਯਾਦ ਕਰਾਉਂਦਾ ਹੈ ਕਿ ਮੇਰੇ ਪਿਤਾਜੀ ਦਾ ਜੀਵਨ ਇੰਨਾ ਕੀਮਤੀ ਕਿਉਂ ਸੀ। ਜਿਨ੍ਹਾਂ ਲੋਕਾਂ ਨੂੰ ਅੰਗ ਦਾ ਦਾਨ ਮਿਲਦਾ ਹੈ ਅਤੇ ਜੋ ਲੋਕ ਇਹ ਸੰਭਵ ਬਣਾਉਂਦੇ ਹਨ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿੰਨਾ ਸ਼ੁਕਰਗੁਜਾਰ ਹਾਂ। ਮੇਰੇ ਪਿਤਾਜੀ ਨੂੰ ਜੀਵਿਤ ਰਹਿਣ ਦੇਣਾ ਜਾਰੀ ਰੱਖਣ ਲਈ ਮੇਰੇ ਦਿਲ ਵਿੱਚ ਤੁਹਾਡੇ ਲਈ ਇੱਕ ਖਾਸ ਥਾਂ ਹੈ।

# ਸਮਰਪਨ

ਇਹ ਕਿਤਾਬਚਾ ਉਨ੍ਹਾਂ ਸਾਰੇ ਅੰਗ ਅਤੇ ਟਿਸ਼ੂ ਦਾਨੀਆਂ ਅਤੇ ਉਨ੍ਹਾਂ ਪਰਿਵਾਰਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਆਪਣੀ ਉਦਾਰਤਾ ਰਾਹੀਂ ਟ੍ਰਾਂਸਪਲਾਂਟੇਸ਼ਨ ਦੁਆਰਾ ਹੋਰ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਲਿਆਉਂਦੀ ਹੈ।

ਇਹ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕਰਦੀ ਹੈ ਜਿਨ੍ਹਾਂ ਦੀ ਦਾਨੀ ਬਣਨ ਦੀ ਇੱਛਾ ਪੂਰੀ ਨਹੀਂ ਹੋ ਸਕੀ।

# ਪ੍ਰਸਤਾਵਨਾ

**ਇਹ ਕਿਤਾਬਚਾ ਉਨ੍ਹਾਂ ਪਰਿਵਾਰਾਂ ਅਤੇ ਉਨ੍ਹਾਂ ਦੇ ਦੋਸਤਾਂ ਦੀ ਮਦਦ ਕਰਨ ਲਈ ਲਿਖਿਆ ਗਿਆ ਹੈ ਜਿਨ੍ਹਾਂ ਨੇ ਆਪਣੇ ਕਿਸੇ ਪਿਆਰੇ ਦੀ ਮੌਤ ਦਾ ਸਾਮ੍ਹਣਾ ਕੀਤਾ ਹੈ। ਅਸੀਂ ਅੰਗ ਅਤੇ ਟਿਸ਼ੂ ਦਾਨ ਬਾਰੇ ਕੁੱਝ ਜਾਣਕਾਰੀ ਸ਼ਾਮਿਲ ਕੀਤੀ ਹੈ ਜੋ ਸ਼ਾਇਦ ਤੁਹਾਡੇ ਬਾਕੀ ਸਵਾਲਾਂ ਦਾ ਜਵਾਬ ਦੇ ਸਕਦੀ ਹੈ।**

ਦਾਨੀ ਪਰਿਵਾਰਾਂ ਅਤੇ ਟ੍ਰਾਂਪਲਾਂਟ ਪ੍ਰਾਪਤਕਰਤਾਵਾਂ ਨੇ ਵੀ ਆਪਣੀਆਂ ਨਿੱਜੀ ਕਹਾਨੀਆਂ ਸਾਝੀਆਂ ਕਰਕੇ ਇਸ ਕਿਤਾਬਚੇ ਵਿੱਚ ਉਦਾਰਤਾ ਨਾਲ ਯੋਗਦਾਨ ਪਾਇਆ ਹੈ। ਹਾਲਾਂਕਿ ਹੋ ਸਕਦਾ ਹੈ ਕਿ ਤੁਸੀਂ ਇਸਨੂੰ ਪੂਰਾ ਪੜ੍ਹਣਾ ਨਾ ਚਾਹੋ, ਤੁਹਾਨੂੰ ਸੋਗ ਅਤੇ ਸਦਮੇ ਨਾਲ ਸੰਬੰਧਿਤ ਕੁੱਝ ਜਾਣਕਾਰੀ ਮਿਲ ਸਕਦੀ ਹੈ ਜੋ ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਹ ਸਮਝਣ ਵਿੱਚ ਮਦਦ ਦਵੇਗੀ ਕਿ ਆਪਣੇ ਨਿੱਜੀ ਸਫਰ ਸਮੇਂ ਤੁਸੀਂ ਕੀ ਉਮੀਦ ਕਰ ਸਕਦੇ ਹੋ।



ਪਹਿਲਾ ਸੈਕਸ਼ਨ

# ਸੋਗ


ਸੋਗ ਕੀ ਹੁੰਦਾ ਹੈ? 8

ਸੋਗ ਦਾ ਮੇਰੇ ਤੇ ਕੀ ਅਸਰ ਪਵੇਗਾ 9

ਬੱਚੇ ਅਤੇ ਸੋਗ 13

ਬਰਸੀਆਂ ਅਤੇ ਖਾਸ ਦਿਨਾਂ ਦਾ ਸਾਮ੍ਹਣਾ ਕਿਵੇਂ ਕਰੀਏ? 14

# ਸੋਗ ਕੀ ਹੁੰਦਾ ਹੈ?

**ਆਪਣੇ ਕਿਸੇ ਪਿਆਰੇ ਦੀ ਮੌਤ ਇੱਕ ਸਰਵ ਵਿਆਪੀ ਤਜ਼ਰਬਾ ਹੈ ਅਤੇ ਇਸ ਨੁਕਸਾਨ ਨਾਲ ਹੋਣ ਵਾਲੇ ਸੋਗ ਤੋਂ ਬੱਚਿਆ ਨਹੀਂ ਜਾ ਸਕਦਾ ਹੈ। ਜੇ ਮੌਤ ਅਚਾਨਕ ਹੁੰਦੀ ਹੈ ਅਤੇ ਇਸਦਾ ਸਾਮ੍ਹਣਾ ਕਰਨ ਲਈ ਮਨ ਬਣਾਉਣ ਦਾ ਕੋਈ ਸਮਾਂ ਨਾ ਹੋਵੇ ਤਾਂ ਇਹ ਖਾਸ ਕਰਕੇ ਔਖਾ ਸਮਾਂ ਹੁੰਦਾ ਹੈ - ਅਲਵਿਦਾ ਕਹਿਣ ਦਾ ਕੋਈ ਸਮਾਂ ਨਹੀਂ।**

ਹੋ ਸਕਦਾ ਹੈ ਕਿ ਤੁਸੀਂ ਸਦਮੇ ਵਿੱਚ, ਪਰੇਸ਼ਾਨ ਜਾਂ ਡਰੇ ਹੋਏ ਮਹਿਸੂਸ ਕਰੋ। ਦੁਨੀਆ ਨੂੰ ਵੇਖਣ ਦਾ ਤੁਹਾਡਾ ਨਜਰਿਆ ਇੱਕਦਮ ਬਦਲ ਸਕਦਾ ਹੈ। ਸੁਰੱਖਿਅਤ ਅਤੇ ਹਿਫਾਜਤ ਦੀ ਤੁਹਾਡੀ ਭਾਵਨਾ ਨੂੰ ਠੇਸ ਪਹੁੰਚ ਸਕਦੀ ਹੈ, ਅਤੇ ਇੱਕ 'ਨਕਲੀ ਦੁਨੀਆ' ਵਿੱਚ ਹੋਣ ਦਾ ਅਹਿਸਾਸ ਇਸਦੀ ਥਾਂ ਲੈ ਲੈਂਦਾ ਹੈ। ਗੁੱਸੇ ਦੀ ਭਾਵਨਾ ਅਤੇ ਜੋ ਹੋਇਆ ਹੈ ਉਸਦੇ ਲਈ ਕਿਸੇ ਹੋਰ ਨੂੰ ਦੋਸ਼ ਦੇਣ ਦੀ ਭਾਵਨਾ ਹਾਵੀ ਹੋ ਸਕਦੀ ਹੈ।

ਮੌਤ ਦੇ ਪ੍ਰਭਾਵ ਨਾਲ ਸੰਬੰਧਿਤ ਕਈ ਕਾਰਕ ਤੁਹਾਡੇ ਤੇ ਅਸਰ ਪਾਣਗੇ। ਇਨ੍ਹਾਂ ਵਿੱਚ ਸ਼ਾਮਿਲ ਹਨ: ਮ੍ਰਿਤਕ ਵਿਅਕਤੀ ਦੀ ਉਮਰ ਅਤੇ ਉਸ ਨਾਲ ਤੁਹਾਡਾ ਰਿਸ਼ਤਾ, ਅਤੇ ਨਾਲ ਹੀ ਉਸਦੀ ਮੌਤ ਨਾਲ ਜੁੜੇ ਹਾਲਾਤ।

# ਸੋਗ ਦਾ ਮੇਰੇ ਤੇ ਕੀ ਅਸਰ ਪਵੇਗਾ

**ਇਹ ਜਾਣਨਾ ਮਹਤਵਪੂਰਣ ਹੈ ਕਿ ਸੋਗ ਦਾ ਕੋਈ ਖਾਸਾ 'ਪੈਟਰਨ' ਨਹੀਂ ਹੁੰਦਾ ਹੈ। ਅਜਿਹੀਆਂ ਕੋਈ ਨਿਰਧਾਰਤ ਸਮੇਂ ਸੀਮਾਵਾਂ ਨਹੀਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਤੁਸੀਂ 'ਬਿਹਤਰ ਮਹਿਸੂਸ' ਕਰੋਗੇ ਅਤੇ 'ਪੜਾਵਾਂ' ਦੇ ਕੋਈ ਨਿਰਧਾਰਤ ਕ੍ਰਮ ਨਹੀਂ ਹੁੰਦੇ ਹਨ। ਵੱਖ-ਵੱਖ ਵਿਅਕਤੀਆਂ ਦੇ ਤੌਰ 'ਤੇ, ਅਸੀਂ ਸਾਰੇ ਵੱਖ-ਵੱਖ ਤਰੀਕਿਆਂ ਨਾਲ ਸਾਮ੍ਹਣਾ ਕਰਾਂਗੇ। ਪਰ, ਕੁੱਝ ਪ੍ਰਤੀਕ੍ਰਿਆਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਸੋਗਰਸਤ ਲੋਕਾਂ ਦੁਆਰਾ ਆਮ ਅਨੁਭਵ ਕੀਤਾ ਜਾਂਦਾ ਹੈ। ਅਸੀਂ ਇਨ੍ਹਾਂ ਵਿੱਚੋਂ ਕੁੱਝ ਪ੍ਰਤੀਕ੍ਰਿਆਵਾਂ ਨੂੰ ਹੇਠਾਂ ਸੂਚੀਬੱਧ ਕੀਤਾ ਹੈ ਜਿਨ੍ਹਾਂ ਦੀ ਸ਼ਾਇਸ ਤੁਸੀਂ ਪਛਾਣ ਕਰ ਸਕਦੇ ਹੋ ਅਤੇ ਅਜਿਹੇ ਕੁੱਝ ਕੰਮ ਜਿਨ੍ਹਾਂ ਤੇ ਤੁਸੀਂ ਵਿਚਾਰ ਕਰਨਾ ਚਾਹ ਸਕਦੇ ਹੋ। ਇਨ੍ਹਾਂ ਵਿਚੋਂ ਕਿਸੇ ਪ੍ਰਤੀਕ੍ਰਿਆ ਦਾ ਅਨੁਭਵ ਕਰਨਾ ਪੂਰੀ ਤਰ੍ਹਾਂ ਸਧਾਰਨ ਹੈ।**

## ਭਾਵਨਾਤਮਕ

- ਅਕਸਰ ਸੁੰਨਤਾ ਅਤੇ ਅਵਿਸ਼ਵਾਸ ਦੀ ਭਾਵਨਾ ਤੁਹਾਨੂੰ ਕੁੱਝ ਦਿਨਾਂ ਜਾਂ ਹਫਤਿਆਂ ਦਾ ਸਾਮ੍ਹਣਾ ਕਰਨ ਵਿੱਚ ਮਦਦ ਦਿੰਦੀ ਹੈ। ਸੁੰਨਤਾ ਦੇ ਖਤਮ ਹੋਣ ਤੇ ਜੇ ਸਥਿਤੀ ਹੋਰ ਬਿਗੜਦੀ ਹੈ ਤਾਂ ਹੈਰਾਨ ਨਾ ਹੋਵੇ।
- ਆਪਣੇ ਪਿਆਰੇ ਲਈ ਗੂੜ੍ਹੀ ਤੜਪ ਅਤੇ ਉਦਾਸੀ ਦਾ ਹੋਣਾ ਸਧਾਰਨ ਹੈ।
- ਬੇਚੈਨੀ, ਡਰ ਜਾਂ ਘਬਰਾਹਟ ਦੀਆਂ ਭਾਵਨਾਵਾਂ ਵੀ ਇੱਕ ਆਮ ਪ੍ਰਤੀਕ੍ਰਿਆ ਹੈ।
- ਇਹ ਪਛਾਣ ਕਰੋ ਕਿ ਗੁੱਸਾ ਆਉਣਾ ਇੱਕ ਸਧਾਰਨ ਭਾਗ ਹੈ।
- ਆਪਣੇ ਆਪ ਨੂੰ ਸੋਗ ਕਰਨ ਦਿਓ - ਆਪਣੇ ਆਲੇ-ਦੁਆਲੇ ਦੇ ਲੋਕਾਂ ਦਾ ਖਿਆਲ ਕਰਕੇ ਦਿੱਲ ਵੱਡਾ ਰੱਖਣ ਦੀ ਕੋਸ਼ਿਸ਼ ਨਾ ਕਰੋ।
- ਲੋਕਾਂ ਨੂੰ ਦੱਸੋ ਕਿ ਉਹ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਨ - ਵਿਵਹਾਰਿਕ ਕੰਮਾਂ ਅਤੇ ਨਾਲ ਹੀ ਭਾਵਨਾਤਮਕ ਸਮਰਥਨ ਪ੍ਰਦਾਨ ਕਰਨ ਦੇ ਨਾਲ।
- ਹੋ ਸਕਦਾ ਹੈ ਕਿ ਕਦੇ ਤੁਹਾਨੂੰ ਲੋਕਾਂ ਦੇ ਸਾਥ ਦੀ ਲੋੜ ਮਹਿਸੂਸ ਹੋਵੇ ਅਤੇ ਕਦੇ ਤੁਸੀਂ ਇੱਕਲੇ ਰਹਿਣਾ ਚਾਹੋ। ਲੋਕਾਂ ਨਾਲ ਸਪੱਸ਼ਟਤਾ ਬਣਾਏ ਰੱਖੋ - ਆਪਣੀਆਂ ਲੋੜਾਂ ਉਨ੍ਹਾਂ ਨੂੰ ਦੱਸੋ।
- ਲੰਬੇ ਅਤੇ ਇੱਥੋ ਤਕ ਕਿ ਸਧਾਰਨ ਕੰਮਾਂ ਵਿੱਚ ਧਿਆਨ ਲਗਾਉਣਾ ਔਖਾ ਹੋ ਸਕਦਾ ਹੈ - ਆਪਣੇ ਆਪ ਤੇ ਬਹੁਤਾ ਜ਼ੋਰ ਨਾ ਪਾਓ।
- ਵਿਯੋਗ ਦੌਰਾਨ ਤੁਸੀਂ ਕੜੀ ਭਾਵਨਾਵਾਂ ਦਾ ਅਨੁਭਵ ਕਰ ਸਕਦੇ ਹੋ, ਜਿਸਨਾਲ ਤੁਹਾਨੂੰ ਖਤਰੇ ਦੀ ਸੂਚਨਾ ਮਿਲ ਸਕਦੀ ਹੈ। ਅਜਿਹਾ ਹੋਣਾ ਅਸਧਾਰਨ ਨਹੀਂ ਹੈ, ਪਰ ਜੇ ਤੁਸੀਂ ਆਪਣੀਆਂ ਭਾਵਨਾਵਾਂ ਦੀ ਤੀਬਰਤਾ ਅਤੇ ਮਿਆਦ ਨੂੰ ਲੈ ਕੇ ਚਿੰਤਿਤ ਹੋ, ਤਾਂ ਵਿਵਹਾਰਕ ਮਦਦ ਲੈਣ ਦੀ ਕੋਸ਼ਿਸ਼ ਕਰਨ ਤੋਂ ਨਾ ਡਰੋ।
- ਕੁੱਝ ਲੋਕ ਸੋਗ ਤੇ ਆਪਣੀ ਪ੍ਰਤੀਕ੍ਰਿਆ ਦੇ ਭਾਗ ਦੇ ਤੌਰ 'ਤੇ ਸੋਗ ਸੁਫਨਿਆਂ ਦਾ ਅਨੁਭਵ ਕਰ ਸਕਦੇ ਹਨ।

## ਸ਼ਰੀਰਕ

- ਆਪਣੀ ਸਿਹਤ ਨੂੰ ਲੈ ਕੇ ਲਾਪਰਵਾਹ ਨਾ ਰਹਿਣਾ ਮਹਤਵਪੂਰਣ ਹੁੰਦਾ ਹੈ। ਤੁਸੀਂ ਬਹੁਤ ਤਣਾਅ ਵਿੱਚ ਹੋ ਅਤੇ ਤੁਸੀਂ ਬੀਮਾਰੀਆਂ ਲਈ ਵੱਧ ਅਸੁਰੱਖਿਅਤ ਹੋਵੋਗੇ। ਹੋ ਸਕਦਾ ਹੈ ਕਿ ਤੁਸੀਂ ਮੰਦ ਮਹਿਸੂਸ ਕਰੋ।
- ਕੁਝ ਲੋਕ ਸ਼ਰੀਰਕ ਤੌਰ 'ਤੇ ਬੀਮਾਰ ਮਹਿਸੂਸ ਕਰ ਸਕਦੇ ਹਨ, ਗੰਭੀਰ ਦਰਦ ਜਾਂ ਅਸੁਵਿਧਾ ਦਾ ਅਨੁਭਵ ਕਰ ਸਕਦੇ ਹਨ, ਪਾਚਣ ਸੰਬੰਧੀ ਸਮੱਸਿਆਵਾਂ, ਊਰਜਾ ਦੀ ਕਮੀ, ਧਿਆਨ ਲਗਾ ਸਕਣ ਵਿੱਚ ਕਮੀ ਦਾ ਅਨੁਭਵ ਕਰ ਸਕਦੇ ਹਨ ਜਾਂ ਉਨ੍ਹਾਂ ਦਾ ਵਜਨ ਘੱਟ-ਵੱਧ ਸਕਦਾ ਹੈ।
- ਉਚਿਤ ਭੋਜਨ ਖਾਣ ਦੀ ਕੋਸ਼ਿਸ਼ ਕਰੋ, ਭਲੇ ਹੀ ਇਸ ਵਿੱਚ ਕੋਈ ਆਨੰਦ ਨਾ ਆ ਰਿਹਾ ਹੋਵੇ।
- ਹੋ ਸਕਦਾ ਹੈ ਕਿ ਤੁਹਾਡੀ ਨੀਂਦ ਦੇ ਪੈਟਰਨ ਅਤੇ ਮਿਆਦਾਂ ਵਿੱਚ ਰੁਕਾਵਟਾਂ ਆਉਣ। ਜੇ ਹੋ ਸਕੇ ਤਾਂ ਦਿਨ ਦੇ ਦੌਰਾਨ ਆਰਾਮ ਕਰਨ ਲਈ ਕੁੱਝ ਸਮਾਂ ਕੱਢੋ।
- ਬਹੁਤ ਜਿਆਦਾ ਸ਼ਰਾਬ ਪੀਣ, ਨਸ਼ੀਲੇ ਪਦਾਰਥਾਂ ਜਾਂ ਹੋਰ ਨੁਕਸਾਨਦਾਇਕ ਪਦਾਰਥਾਂ ਦਾ ਸੇਵਨ ਕਰਨ ਤੋਂ ਬੱਚੋ।
- ਜੇ ਤੁਹਾਨੂੰ ਕੋਈ ਅਜਿਹੇ ਲੱਛਣ ਹਨ ਜਿਨ੍ਹਾਂ ਕਰਕੇ ਤੁਹਾਨੂੰ ਚਿੰਤਾ ਹੋ ਰਹੀ ਹੋਵੇ, ਤਾਂ ਆਪਣੇ ਸਥਾਨਕ ਡਾਕਟਰ ਤੋਂ ਸਲਾਹ ਲਵੋ।

## ਸਾਮਾਜਿਕ

- ਪਰਿਵਾਰ ਅਤੇ ਦੋਸਤ ਸਦਮੇ ਦੀ ਸ਼ੁਰੂਆਤ ਵਿੱਚ ਅਕਸਰ ਵੱਧ ਸਮਰਥਨ ਦਿੰਦੇ ਹਨ ਪਰ ਸਮੇਂ ਦੇ ਨਾਲ-ਨਾਲ ਇਹ ਘੱਟ ਹੋ ਸਕਦਾ ਹੈ। ਇਹ ਮਹਤਵਪੂਰਣ ਹੈ ਕਿ ਜੇ ਤੁਹਾਨੂੰ ਲੋੜ ਪਵੇ ਤਾਂ ਤੁਸੀਂ ਉਨ੍ਹਾਂ ਤੋਂ ਮਦਦ ਮੰਗੋ। ਇਸਦੀ ਓਡੀਕ ਨਾ ਕਰੋ ਕਿ ਉਹ ਤੁਹਾਡੀਆਂ ਲੋੜਾਂ ਦਾ ਅਨੁਮਾਨ ਲਗਾਉਣਗੇ। ਉਹ ਅਕਸਰ ਗਲਤ ਅਨੁਮਾਨ ਲਗਾਉਣਗੇ ਅਤੇ ਫਿਰ ਬਹੁਤ ਦੇਰ ਹੋ ਚੁੱਕੀ ਹੋਵੇਗੀ।
- ਸੋਗ ਨਾਲ ਰਿਸ਼ਤਿਆਂ ਤੇ ਅਸਰ ਪੈ ਸਕਦਾ ਹੈ ਅਤੇ ਅਜਿਹਾ ਇਸਲਈ ਹੁੰਦਾ ਹੈ ਕਿਉਂਕਿ ਇਹ ਮੁੱਖ ਤੋਰ 'ਤੇ ਇੱਕ ਨਿਜੀ ਅਨੁਭਵ ਹੁੰਦਾ ਹੈ। ਸੰਘਣੇ ਰਿਸ਼ਤੇ ਹੋਰ ਗੂੜ੍ਹੇ ਹੋ ਸਕਦੇ ਹਨ ਜਾਂ ਇਨ੍ਹਾਂ ਵਿੱਚ ਦੂਰੀ ਆ ਸਕਦੀ ਹੈ, ਇਸਲਈ ਇੱਕ-ਦੂਜੇ ਦੇ ਦਰਦ ਅਤੇ ਨੁਕਸਾਨ ਤੋਂ ਜਾਣੂ ਰਹੋ, ਅਤੇ ਇੱਕ-ਦੂਜੇ ਦੀ ਗੱਲ ਸੁਣੋ।
- ਸਾਮਾਜਿਕ ਮੇਲਜੋਲ ਤੋਂ ਬੇਚੈਨੀ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ, ਖਾਸ ਕਰਕੇ ਪਹਿਲੇ ਕੁੱਝ ਹਫਤਿਆਂ ਅਤੇ ਮਹੀਨਿਆਂ ਵਿੱਚ। ਆਪਣੇ ਨਾਲ ਨਰਮ ਵਿਹਾਰ ਕਰੋ ਅਤੇ ਉਨ੍ਹਾਂ ਲੋਕਾਂ ਦਾ ਸਾਥ ਬਣਾਏ ਰੱਖਣ ਦੀ ਚੋਣ ਕਰੋ ਜਿਨ੍ਹਾਂ ਤੇ ਤੁਸੀਂ ਭਰੋਸਾ ਕਰਦੇ ਹੋ।
- ਸੋਗ ਦੀ ਮਿਆਦ ਦੌਰਾਨ ਨਵੇਂ ਰਿਸ਼ਤਿਆਂ ਬਾਰੇ ਕੋਈ ਫੈਸਲਾ ਲੈਣਾ ਔਖਾ ਹੋ ਸਕਦਾ ਹੈ। ਜੇ ਤੁਸੀਂ ਅੱਜੇ ਵੀ ਸਰਗਰਮੀ ਨਾਲ ਸੋਗ ਕਰ ਰਹੇ ਹੋ ਤਾਂ ਨਵੇਂ ਰਿਸ਼ਤਿਆਂ ਨੂੰ ਨਿਰਪੱਖ ਤੌਰ 'ਤੇ ਵੇਖਣਾ ਔਖਾ ਹੋ ਸਕਦਾ ਹੈ। ਤੁਹਾਡਾ ਨੁਕਸਾਨ ਕੋਈ ਪੂਰਾ ਨਹੀਂ ਕਰ ਸਕਦਾ ਹੈ। ਜਿਨ੍ਹਾ ਹੋ ਸਕੇ ਲੋਕਾਂ ਨਾਲ ਆਨੰਦ ਲੈਣ ਦੀ ਕੋਸ਼ਿਸ਼ ਕਰੋ।

## ਵਿੱਤੀ

- ਜਲਦਬਾਜੀ ਵਿੱਚ ਫੈਸਲੇ ਲੈਣ ਤੋਂ ਬੱਚੋ। ਕੋਸ਼ਿਸ਼ ਕਰੋ ਕਿ ਪਹਿਲੇ ਸਾਲ ਵਿੱਚ ਜੀਵਨ ਦੇ ਮੁੱਖ ਫੈਸਲੇ ਨਾ ਲਏ ਜਾਣ ਬਸ਼ਰਤੇ ਕਿ ਅਜਿਹਾ ਕਰਨਾ ਬਹੁਤ ਲਾਜ਼ਮੀ ਨਾ ਹੋਵੇ।
- ਆਮ-ਤੌਰ 'ਤੇ, ਜਿਆਦਾਤਰ ਲੋਕ ਜਾਣੂ ਆਂਡ-ਗੁਆਂਡ ਵਿੱਚ ਸਥਿਰ ਮਹਿਸੂਸ ਕਰਨਾ ਜਾਰੀ ਰੱਖਣ ਨੂੰ ਸਭ ਤੋਂ ਵਧੀਆ ਮੰਨਦੇ ਹਨ ਜਦ ਤਕ ਕਿ ਉਹ ਵਧੇਰੇ ਸ਼ਾਂਤ ਤਰੀਕੇ ਨਾਲ ਆਪਣੇ ਭਵਿੱਖ ਬਾਰੇ ਸੋਚ-ਵਿਚਾਰ ਨਾ ਕਰ ਲੈਣ।
- ਕਿਸੇ ਭਰੋਸੇਮੰਦ ਵਿਅਕਤੀ ਨਾਲ ਸਲਾਹ ਲੈਣ ਵਿੱਚ ਝਿਜਕ ਮਹਿਸੂਸ ਨਾ ਕਰੋ।

## ਰੂਹਾਨੀ

- ਸਦਮੇ ਦੌਰਾਨ ਨਿੱਜੀ ਧਾਰਨਾ ਆਰਾਮ ਪਹੁੰਚਾਉਣ ਦਾ ਸਭ ਤੋਂ ਵਧੀਆ ਸਰੋਤ ਹੋ ਸਕਦੀ ਹੈ।
- ਕੁੱਝ ਲੋਕਾਂ ਨੂੰ ਮ੍ਰਿਤ ਵਿਅਕਤੀ ਦਾ ਸੁਫਨਾ ਆਉਂਦਾ ਹੈ ਜਾਂ ਇਹ ਲਗਦਾ ਹੈ ਕਿ ਉਹ ਉਨ੍ਹਾਂ ਨੂੰ ਛੂਹ ਰਹੇ ਹਨ ਜਾਂ ਉਹ ਉਨ੍ਹਾਂ ਨੂੰ ਵਿਖਾਈ ਦੇ ਰਹੇ ਹਨ, ਅਤੇ ਇਹ ਸੁਖਦਾਈ ਅਹਿਸਾਸ ਹੋ ਸਕਦਾ ਹੈ।
- ਜਿਵੇਂ-ਜਿਵੇਂ ਅਸੀਂ ਸੋਗ ਕਰਦੇ ਹਾਂ, ਅਸੀਂ ਦੁਨੀਆ ਦੇ ਕੰਮ ਕਰਨ ਦੇ ਤਰੀਕੇ ਅਤੇ ਮਾਨਵੀ ਸਥਿਤੀ ਵਿੱਚ ਸਾਡੀ ਥਾਂ ਬਾਰੇ ਸਰਗਰਮੀ ਨਾਲ ਆਪਣੀ ਸੋਚ ਅਤੇ ਆਪਣੀਆਂ ਧਾਰਨਾਵਾਂ ਤੇ ਵਿਚਾਰ ਕਰਦੇ ਹਾਂ ਅਤੇ ਇਨ੍ਹਾਂ ਦਾ ਮੁੜ ਮੁਲਾਂਕਣ ਕਰਦੇ ਹਾਂ।
- ਅਸੀਂ ਇਸ ਸਮੇਂ ਆਪਣੇ ਪਿਆਰੇ ਦੀ ਮੌਤ ਦੇ ਮਤਲਬ ਨੂੰ ਲੈ ਕੇ ਜੂਝ ਰਹੇ ਹੁੰਦੇ ਹਾਂ।
- ਕੁੱਝ ਲੋਕਾਂ ਨੂੰ ਇਹ ਲਗ ਸਕਦਾ ਹੈ ਕਿ ਉਨ੍ਹਾਂ ਦੇ ਰੂਹਾਨੀ ਵਿਚਾਰਾਂ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਅਤੇ ਇਹ ਉਨਹਾਂ ਲਈ ਬਹੁਤ ਪਰੇਸ਼ਾਨੀ ਭਰਿਆ ਹੋ ਸਕਦਾ ਹੈ।
- ਮ੍ਰਿਤ ਵਿਅਕਤੀ ਨੂੰ ਜਾਣਨ ਅਤੇ ਉਸਨਾਲ ਪਿਆਰ ਕਰਨ ਦਾ ਆਨੰਦ ਮਾਨਣ ਨਾਲ ਤੁਹਾਨੂੰ ਮਿੱਲੇ ਭਾਵਨਾਤਾਮਕ ਵਿਰਸੇ ਤੇ ਵਿਚਾਰ ਕਰਨਾ ਸਹਾਇਕ ਹੋ ਸਕਦਾ ਹੈ।
- ਤੁਹਾਡਾ ਸਥਾਨਕ ਮੰਤਰੀ ਜਾਂ ਧਾਰਮਿਕ ਮਾਰਗਦਰਸ਼ਕ ਸਮਰਥਨ ਦੇਣ ਵਿੱਚ ਸਮਰਥ ਹੋ ਸਕਦਾ ਹੈ।
- ਕੁੱਝ ਲੋਕ ਇਹ ਕਹਿੰਦੇ ਹਨ ਕਿ ਕਿਸੇ ਵਿਅਕਤੀ ਦੀ ਹਾਜਰੀ ਵਿੱਚ ਉਸ ਨਾਲ ਪਿਆਰ ਕਰਨ ਤੋਂ ਲੈ ਕੇ ਉਸਦੀ ਗੈਰ-ਹਾਜ਼ਰੀ ਵਿੱਚ ਉਸਨਾਲ ਪਿਆਰ ਕਰਨ ਵਿੱਚ ਹੋਣ ਵਾਲੀ ਤਬਦੀਲੀ ਬਹੁਤ ਸਹਾਇਕ ਹੁੰਦੀ ਹੈ।

## ਕਿਸ ਚੀਜ਼ ਨਾਲ ਮਦਦ ਮਿਲ ਸਕਦੀ ਹੈ?

ਅਜਿਹੇ ਵਾਤਾਵਰਣ ਵਿੱਚ ਤਾਲਮੇਲ ਬਿਠਾਉਣ ਵਿੱਚ ਸਮਾਂ ਲਗਦਾ ਹੈ ਜਿਸ ਵਿੱਚ ਤੁਸੀਂ ਉਸ ਵਿਅਕਤੀ ਨਾਲ ਪਿਆਰ ਕਰਦੇ ਸੀ ਅਤੇ ਹੁਣ ਉਹ ਵਾਤਾਵਰਣ ਨਹੀਂ ਹੈ। ਜਿਨ੍ਹਾਂ ਗੱਲਾਂ ਤੋਂ ਤੁਸੀਂ ਘੱਟੋ ਘੱਟ ਉਮੀਦ ਕਰਦੇ ਹੋ, ਉਹ ਯਾਦਾਂ ਨੂੰ ਉਜਾਗਰ ਕਰਨਗੀਆਂ ਅਤੇ ਤੁਹਾਡੀਆਂ ਭਾਵਨਾਵਾਂ ਤੇ ਹਾਵੀ ਹੋ ਸਕਦੀਆਂ ਹਨ, ਜਿਵੇਂ ਕਿ ਕੋਈ ਸੰਗੀਤ, ਖਾਲੀ ਪਈ ਕੁਰਸੀ ਅਤੇ ਪਸੰਦੀਦਾ ਪਰਫਿਊਮ ਦੀ ਖੁਸ਼ਬੂ।

ਤੁਹਾਡੇ ਲਈ ਜੋ ਗੱਲਾਂ ਅਸਰ ਕਰਦੀਆਂ ਹਨ ਉਨ੍ਹਾਂ ਦੀ ਪਛਾਣ ਕਰਨੀ ਸਿੱਖੋ। ਤੁਸੀਂ ਛੇਤੀ ਹੀ ਪਰਿਵਾਰ ਦੇ ਉਨ੍ਹਾਂ ਸਦੱਸਾਂ ਜਾਂ ਦੋਸਤਾਂ-ਮਿੱਤਰਾਂ ਦੀ ਪਛਾਣ ਕਰ ਲਵੋਗੇ ਜਿਨ੍ਹਾਂ ਨਾਲ ਤੁਸੀਂ ਆਪਣੀ ਆਮ ਸਥਿਤੀ ਵਰਗਾ ਮਹਿਸੂਸ ਕਰੋਗੇ ਅਤੇ ਆਪਣੇ ਸੋਗ ਨੂੰ ਇੱਕ ਅਜਿਹੇ ਤਰੀਕੇ ਨਾਲ ਵਿਅਕਤ ਕਰੋਗੇ ਜੋ ਤੁਹਾਡੇ ਲਈ ਅਰਥਪੂਰਨ ਹੋਵੇ। ਮ੍ਰਿਤ ਵਿਅਕਤੀ ਬਾਰੇ ਗੱਲਬਾਤ ਕਰੋ ਅਤੇ ਹੋਰ ਲੋਕਾਂ ਨੂੰ ਵੀ ਉਨ੍ਹਾਂ ਦੀਆਂ ਯਾਦਾਂ ਸਾਂਝੀਆਂ ਕਰਨ ਲਈ ਵਧਾਵਾ ਦਿਓ। ਕਦੇ-ਕਦੇ ਲੋਕ ਮ੍ਰਿਤ ਵਿਅਕਤੀ ਬਾਰੇ ਗੱਲਬਾਤ ਕਰਨ ਵਿੱਚ ਝਿਝਕ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕਿੱਤੇ ਅਜਿਹਾ ਕਰਕੇ ਉਹ ਤੁਹਾਨੂੰ ਵਧੇਰੀ ਪਰੇਸ਼ਾਨੀ ਨਾ ਦੇਣ। ਹੋ ਸਕਦਾ ਹੈ ਕਿ ਉਹ ਤੁਹਾਨੂੰ ਉਨ੍ਹਾਂ ਨੂੰ ਗੱਲਬਾਤ ਕਰਨ ਦੀ ਇਜਾਜਤ ਦੇਣ ਦੀ ਉਡੀਕ ਕਰਦੇ ਹੋਣ।

ਹੋ ਸਕਦਾ ਹੈ ਕਿ ਤੁਹਾਨੂੰ ਲਗੇ ਕਿ ਆਪਣੇ ਆਪ ਇੱਕਲੇ ਕੁੱਝ ਸਮਾਂ ਬਤੀਤ ਕਰਨ ਨਾਲ ਮਦਦ ਮਿਲ ਸਕਦੀ ਹੈ - ਕਿਸੇ ਜਰਨਲ ਵਿੱਚ ਆਪਣੀਆਂ ਭਾਵਨਾਵਾਂ ਲਿੱਖਣਾ, ਕਿਸੇ ਅਜਿਹੀ ਥਾਂ ਤੇ ਜਾਣਾ ਜੋ ਸੁਰੱਖਿਅਤ ਲੱਗਣ ਅਤੇ ਜਿਸਨਾਲ ਤੁਹਾਡੀਆਂ ਖੁਸ਼ੀ ਭਰੀਆਂ ਯਾਦਾਂ ਜੁੜ੍ਹੀਆਂ ਹੋਣ, ਮੈਮਰੀ ਬੁੱਕ ਬਣਾਉਣਾ। ਵੱਖ-ਵੱਖ ਸਮੇਂ ਤੇ ਤੁਹਾਡੇ ਲਈ ਵੱਖ-ਵੱਖ ਚੀਜ਼ਾਂ ਅਸਰਦਾਰ ਹੋ ਸਕਦੀਆਂ ਹਨ।

ਮ੍ਰਿਤ ਵਿਅਕਤੀ ਦੇ ਪਰਿਵਾਰ ਦੇ ਹਰੇਕ ਸਦੱਸ ਦਾ ਉਸਨਾਲ ਆਪਣਾ ਖਾਸ ਰਿਸ਼ਤਾ ਹੁੰਦਾ ਹੈ ਅਤੇ ਹਰ ਸਦੱਸ ਵੱਖ-ਵੱਖ ਤਰੀਕੇ ਨਾਲ ਅਸਰ ਮਹਿਸੂਸ ਕਰੇਗਾ।

ਇਹ ਅਹਿਸਾਸ ਹਮੇਸ਼ਾ ਬਣੇ ਨਹੀਂ ਰਹਿਣਗੇ, ਹਾਲਾਂਕਿ ਹੋ ਸਕਦਾ ਹੈ ਕਿ ਕਦੇ-ਕਦੇ ਉਹ ਬਿਹਤਰ ਹੋਣ ਦੀ ਥਾਂ ਤੇ ਹੋਰ ਬਿਗੜਦੇ ਲਗਣ। ਹੌਲੇ-ਹੌਲੇ ਸ਼ਾਇਦ ਤੁਸੀਂ ਇਨ੍ਹਾਂ ਅੰਤਰਾਂ ਨੂੰ ਵੇਖੋਗੇ:

- ਬੁਰੇ ਦਿਨਾਂ ਦੀ ਥਾਂ ਤੇ ਤੁਹਾਡੇ ਚੰਗੇ ਦਿਨ ਜਿਆਦਾ ਹੋਣਗੇ।
- ਤੁਸੀਂ ਮ੍ਰਿਤ ਵਿਅਕਤੀ ਨਾਲ ਜੁੜ੍ਹੀਆਂ ਯਾਦਾਂ ਸਾਂਝੀਆਂ ਕਰ ਸਕਦੇ ਹੋ ਅਤੇ ਉਦਾਸੀ ਦੀ ਬਜਾਏ ਖੁਸ਼ੀ ਦਾ ਅਨੁਭਵ ਵੱਧ ਕਰ ਸਕਦੇ ਹੋ।
- ਤੁਸੀਂ ਸਰਗਰਮੀ ਨਾਲ ਫਿਰ ਤੋਂ ਜੀਵਨ ਵਿੱਚ ਵਾਪਿਸ ਆਉਣਾ ਅਤੇ ਭਵਿੱਖ ਦੀ ਯੋਜਨਾ ਬਣਾਉਣਾ ਸ਼ੁਰੂ ਕਰ ਸਕਦੇ ਹੋ।

# ਬੱਚੇ ਅਤੇ ਸੋਗ

## ਬੱਚਿਆਂ ਦੀ ਉਮਰ ਤੇ ਨਿਰਭਰ ਕਰਦੇ ਹੋਏ ਮੌਤ ਨੂੰ ਲੈ ਕੇ ਬੱਚਿਆਂ ਦੀ ਸਮਝ ਵੱਖ-ਵੱਖ ਹੋਵੇਗੀ। ਇੱਥੋਂ ਤਕ ਕਿ ਛੋਟੇ ਬੱਚੇ ਵੀ ਇਸ ਗੱਲ ਤੋਂ ਜਾਣੂ ਹੋਣਗੇ ਕਿ ਕੁੱਝ ਬਹੁਤ ਬੁਰਾ ਵਾਪਰਿਆ ਹੈ ਪਰ ਹੋ ਸਕਦਾ ਹੈ ਕਿ ਉਹ ਇਸਦੀ ਗੰਭੀਰਤਾ ਨੂੰ ਸਮਝ ਨਾ ਸਕਣ।

ਉਨ੍ਹਾਂ ਦਾ ਘਰ ਅਤੇ ਪਰਿਵਾਰ ਹੀ ਸੁਰੱਖਿਆ ਦੀ ਇੱਕਲੌਤੀ ਭਾਵਨਾ ਪ੍ਰਦਾਨ ਕਰਦਾ ਹੈ ਜਿਸਤੋਂ ਉਹ ਜਾਣੂ ਹੋਣਗੇ। ਹੋ ਸਕਦਾ ਹੈ ਕਿ ਉਹ ਉਨ੍ਹਾਂ ਚੀਜ਼ਾਂ ਪ੍ਰਤੀ ਉਦਾਸੀ, ਸੋਗ ਅਤੇ ਰੁਕਾਵਟ ਨੂੰ ਲੈ ਕੇ ਸੰਵੇਦਨਸ਼ੀਲ ਹੋ ਜਾਣ ਜੋ ਆਮ-ਤੌਰ 'ਤੇ ਉਨ੍ਹਾਂ ਨੂੰ ਆਰਾਮ ਦਿੰਦੀਆਂ ਸੀ। ਇਹ ਮਹਤਵਪੂਰਣ ਹੈ ਕਿ ਉਹ ਇਹ ਮਹਿਸੂਸ ਕਰਨ ਕਿ ਉਨ੍ਹਾਂ ਨਾਲ ਪਿਆਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਦਿਲਾਸਾ ਦਿੱਤੀ ਜਾ ਰਹੀ ਹੈ।

ਹੋ ਸਕਦਾ ਹੈ ਕਿ ਤੁਸੀਂ ਇਹ ਵੇਖੋ ਕਿ ਬੱਚੇ ਆਪਣੇ ਪਿੱਛਲੇ ਬਚਪਨ ਦਾ ਵਿਹਾਰ ਦਰਸਾ ਰਹੇ ਹਨ। ਉਹ ਅਜਿਹਾ ਵਿਹਾਰ ਕਰ ਸਕਦੇ ਹਨ ਜੋ ਉਹ ਤਦੋਂ ਕਰਦੇ ਸੀ ਜਦ ਉਹ ਬਹੁਤ ਛੋਟੇ ਸੀ। ਜਿਵੇਂ ਕਿ:

- ਹੋ ਸਕਦਾ ਹੈ ਕਿ ਉਹ ਤੁਹਾਡੇ ਕੋਲ ਰਹਿਣ ਤੇ ਜ਼ੋਰ ਦੇਣ ਅਤੇ ਤੁਹਾਡੇ ਤੋਂ ਵੱਖ ਹੋਣ ਨੂੰ ਲੈ ਕੇ ਬਹੁਤ ਡਰੇ ਹੋਏ ਹੋਣ।
- ਹੋ ਸਕਦਾ ਹੈ ਕਿ ਉਨ੍ਹਾਂ ਦੀ ਨੀਂਦ ਦੇ ਸਮਿਆਂ ਵਿੱਚ ਤਬਦੀਲੀਆਂ ਹੋਣ ਅਤੇ ਇਸ ਵਿੱਚ ਬੁਰੇ ਸੁਫਨੇ ਆਉਣਾ ਸ਼ਾਮਿਲ ਹੈ।

### ਕਿਸ ਚੀਜ਼ ਨਾਲ ਮਦਦ ਮਿਲ ਸਕਦੀ ਹੈ?

ਅਜਿਹੇ ਕੰਮ ਹਨ ਜਿਹੜੇ ਤੁਸੀਂ ਮਦਦ ਦੇਣ ਲਈ ਕਰ ਸਕਦੇ ਹੋ ਅਤੇ ਇਸਨੂੰ ਧਿਆਨ ਵਿੱਚ ਰੱਖਦੇ ਹੋਦੇ ਇਨ੍ਹਾਂ ਵਿਚੋਂ ਕੁੱਝ ਕੰਮ ਅਸੀਂ ਹੇਠਾਂ ਸੂਚੀਬੱਧ ਕੀਤੇ ਹਨ:

- ਛੋਟੇ ਬੱਚੇ ਅਕਸਰ ਖੇਡਕੂਦ ਰਾਹੀਂ ਆਪਣੀਆਂ ਭਾਵਨਾਵਾਂ ਵਿਅਕਤ ਕਰਦੇ ਹਨ। ਉਨ੍ਹਾਂ ਨਾਲ ਖੇਡਣ ਦਾ ਸਮਾਂ ਕੱਢੋ ਅਤੇ ਉਨ੍ਹਾਂ ਨੂੰ ਇਹ ਵੇਰਵਾ ਦੇਣ ਲਈ ਕਹੋ ਕਿ ਉਹ ਕੀ ਕਰ ਰਹੇ ਹਨ।
- ਉਨ੍ਹਾਂ ਨਾਲ ਸੱਪਸ਼ਟ ਅਤੇ ਇਮਾਨਦਾਰ ਰਹੋ - ਜਿਨ੍ਹਾ ਹੋ ਸਕੇ ਉਨ੍ਹਾਂ ਨੂੰ ਸੰਭਵ ਤਰੀਕੇ ਨਾਲ ਇਹ ਦੱਸੋ ਕਿ ਕੀ ਹੋ ਰਿਹਾ ਹੈ।
- ਉਨ੍ਹਾਂ ਨੂੰ ਸ਼ਾਮਿਲ ਕਰੋ - ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਉਹ 'ਕੁੱਝ ਖਾਸ ਕਰਨ' ਉਸ ਵਿਅਕਤੀ ਲਈ ਜਿਸਨਾਲ ਉਹ ਪਿਆਰ ਕਰਦੇ ਸੀ - ਜਿਵੇਂ ਕਿ ਕੋਈ ਗਾਰਡਨ ਬਣਾਉਣਾ, ਫੁੱਲ ਉਗਾਉਣਾ, ਜੇ ਉਨ੍ਹਾਂ ਨੇ ਕੁੱਝ ਬਣਾਇਆ ਹੈ ਤਾਂ ਉਸਨੂੰ ਸਮਾਧੀ ਦੀ ਥਾਂ ਤੇ ਲੈ ਜਾਣਾ ਰਚਨਾਤਮਕ ਬਣੋ।
- ਜਿੰਨੀ ਛੇਤੀ ਸੰਭਵ ਹੋ ਸਕੇ ਸਕੂਲ ਨੂੰ ਇਸਦੀ ਸੂਚਨਾ ਦਿਓ। ਇਸਨਾਲ ਟੀਚਰਾਂ ਨੂੰ ਇਹ ਯੋਜਨਾ ਬਣਾਉਣ ਵਿੱਚ ਸਮਾਂ ਮਿਲੇਗਾ ਕਿ ਬੱਚਿਆਂ ਦੇ ਕਲਾਸ ਵਾਪਿਸ ਆਉਣ ਤੇ ਉਨ੍ਹਾਂ ਦਾ ਸਮਰਥਨ ਸਰਬੋਤਮ ਤਰੀਕੇ ਨਾਲ ਕਿਵੇਂ ਕਰਨਾ ਹੈ।
- ਸਿਰਫ ਇਹ ਜਾਣਨਾ ਕਿ ਇਨ੍ਹਾਂ ਵਿਚੋਂ ਕੁੱਝ ਪ੍ਰਤੀਕ੍ਰਿਆਵਾਂ ਆਮ ਹਨ, ਇਸਨਾਲ ਇੱਕ ਮਾਪੇ ਦੇ ਤੌਰ 'ਤੇ ਤੁਹਾਨੂੰ ਦਿਲਾਸਾ ਮਿਲ ਸਕਦੀ ਹੈ। ਪਰ, ਜੇਕਰ ਕਿਸੇ ਵੀ ਸਮੇਂ ਤੁਹਾਨੂੰ ਤੁਹਾਡੇ ਬੱਚੇ ਦੁਆਰਾ ਇਸਦਾ ਸਾਮ੍ਹਣਾ ਕੀਤੇ ਜਾਣ ਦੇ ਤਰੀਕੇ ਨੂੰ ਲੈ ਕੇ ਚਿੰਤਾ ਹੈ, ਤਾਂ ਆਪਣੇ ਸਥਾਨਕ ਡਾਕਟਰ ਤੋਂ ਪੇਸ਼ੇਵਰ ਸਲਾਹ ਨਾਲ ਵਿੱਚ ਝਿਝਕ ਮਹਿਸੂਸ ਨਾ ਕਰੋ।

ਬੱਚਿਆਂ ਅਤੇ ਮਾਪਿਆਂ, ਦੋਹਾਂ, ਲਈ ਬਹੁਤ ਬਿਹਤਰੀਨ ਕਿਤਾਬਾਂ ਹਨ, ਇਨ੍ਹਾਂ ਵਿਚੋਂ ਕੁੱਝ ਦੀ ਸੂਚੀ ਤੁਹਾਡੇ ਸੂਬੇ ਜਾਂ ਟੇਰੇਟਰੀ ਦੀ DonateLife ਏਜੰਸੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਬਰਸੀਆਂ/ਵਰ੍ਹੇਗੰਢਾਂ ਅਤੇ ਖਾਸ ਦਿਨਾਂ ਦਾ ਸਾਮ੍ਹਣਾ ਕਿਵੇਂ ਕਰੋ?

**ਜਿਸ ਵਿਅਕਤੀ ਨਾਲ ਤੁਸੀਂ ਪਿਆਰ ਕਰਦੇ ਸੀ, ਉਸਦੇ ਬਿਨਾਂ ਬਰਸੀ/ਵਰ੍ਹੇਗੰਢ ਅਤੇ ਖਾਸ ਦਿਨ ਪਹਿਲੇ ਵਰਗੇ ਨਹੀਂ ਰਹਿਣਗੇ। ਖਾਸ ਕਰਕੇ ਪਹਿਲਾ ਸਾਲ ਕਾਫੀ ਦੁਖਦਾਈ ਹੋ ਸਕਦਾ ਹੈ। ਹਰ ਮਹਤਵਪੂਰਣ ਦਿਨ ਨੂੰ ਲੈ ਕੇ ਭਾਵਨਾ 'ਵੱਧਦੀ ਜਾਂਦੀ ਹੈ' ਅਤੁ ਇਸ ਗੱਲ ਦੀ ਬੇਚੈਨੀ ਦੀ ਭਾਵਨਾ ਵੱਧ ਜਾਂਦੀ ਹੈ ਕਿ ਤੁਸੀਂ 'ਇਸਤੋਂ ਕਿਵੇਂ ਬਾਹਰ ਆਓਗੇ'।**

## ਕਿਸ ਚੀਜ਼ ਨਾਲ ਮਦਦ ਮਿਲ ਸਕਦੀ ਹੈ?

- ਪਹਿਲਾਂ ਤੋਂ ਯੋਜਨਾ ਬਣਾਓ - ਦਿਨ ਬਾਰੇ ਪਰਿਵਾਰ ਨਾਲ ਸਪੱਸ਼ਟ ਤਰ 'ਤੇ ਗੱਲਬਾਤ ਕਰੋ - ਹਰ ਕਿਸੇ ਦੀਆਂ ਜ਼ਰੂਰਤਾਂ ਅਤੇ ਉਮੀਦਾਂ ਵੱਖ-ਵੱਖ ਹੋਣਗੀਆਂ।
- ਖਾਸ ਕਰਕੇ ਬੱਚੇ ਇਹ ਦਿਲਾਸਾ ਲੈਣ ਦੀ ਕੋਸ਼ਿਸ਼ ਕਰਣਗੇ ਕਿ ਪਰਿਵਾਰਕ ਜੀਵਨ 'ਜਿਨ੍ਹਾ ਸੰਭਵ ਹੋ ਸਕੇ ਉਨ੍ਹਾਂ ਸਧਾਰਨ' ਹੋਣਾ ਜਾਰੀ ਰਹੇਗਾ।
- ਉਨ੍ਹਾਂ ਲੋਕਾਂ ਨਾਲ ਦਿਨ ਸਾਂਝਾ ਕਰੋ ਜਿਨ੍ਹਾਂ ਦਾ ਸਾਥ ਤੁਹਾਨੂੰ ਚੰਗਾ ਲਗਦਾ ਹੈ ਅਤੇ ਜਿਨ੍ਹਾਂ ਨਾਲ ਤੁਸੀਂ ਸਹਿਜ ਮਹਿਸੂਸ ਕਰਦੇ ਹੋ।
- ਹੋ ਸਕਦਾ ਹੈ ਕਿ ਤੁਸੀਂ ਆਪਣੇ ਸਧਾਰਨ ਪਰਿਵਾਰਕ ਨਿੱਤਨੇਮ ਦੇ ਕੰਮਾਂ ਤੋਂ ਕੁੱਝ ਵੱਖਰਾ ਕਰਨ ਦਾ ਫੈਸਲਾ ਲਵੋ ਅਤੇ ਇੱਕ ਨਵੀਂ ਪਰਿਵਾਰਕ ਪਰੰਪਰਾ ਬਣਾਓ।
- ਦਿਨ ਨੂੰ ਕਿਸੇ ਤਰੀਕੇ ਨਾਲ ਜਿਨਾ ਅਰਥਪੂਰਨ ਹੋ ਸਕੇ, ਬਣਾਉਣ ਦੀ ਕੋਸ਼ਿਸ਼ ਕਰੋ।
- ਯੋਜਨਾ ਬਣਾਉਣ ਵਿੱਚ ਹੋਰ ਲੋਕਾਂ ਨੂੰ ਆਪਣੀ ਮਦਦ ਕਰਨ ਦਿਓ, ਇਹ ਯਾਦ ਰੱਖਦੇ ਹੋਈ ਕਿ ਇਹ ਤੁਹਾਡੇ ਲਈ ਇੱਕ ਖਾਸ ਸਮਾਂ ਹੈ।
- ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਹੱਸੋ-ਖੇਡੋ ਅਤੇ ਰੋਵੋ - ਇਸਨਾਲ ਉਨ੍ਹਾਂ ਨੂੰ ਵੀ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਵਿੱਚ ਮਦਦ ਮਿਲੇਗੀ।
- ਆਪਣੇ ਰਿਸ਼ਤੇਦਾਰ ਨੂੰ ਯਾਦ ਰੱਖਣ ਲਈ ਕੁੱਝ ਰਚਨਾਤਮਕ ਸੋਚੋ - ਮੋਮਬੱਤੀ ਜਲਾਓ, ਕ੍ਰਿਸਮਿਸ ਟ੍ਰੀ ਲਈ ਕੁੱਖ ਖਾਸ ਸਜਾਉਣ ਵਾਲਾ ਸਾਮਾਨ ਖਰੀਦੋ, ਕੁੱਝ ਅਜਿਹਾ ਖਾਸ ਜਿਸਦਾ ਸਾਰਾ ਪਰਿਵਾਰ ਆਨੰਦ ਮਾਨ ਸਕੇ।
- ਹੋ ਸਕਦਾ ਹੈ ਕਿ ਬੱਚੇ ਮ੍ਰਿਤ ਵਿਅਕਤੀ ਲਈ ਇੱਕ ਤਸਵੀਰ ਬਣਾਉਣਾ ਜਾਂ ਉਨ੍ਹਾਂ ਨੂੰ ਕੋਈ ਚਿੱਠੀ ਲਿੱਖਣਾ ਚਾਹਣ।
- ਆਪਣੇ ਨਾਲ ਨਰਮੀ ਵਾਲਾ ਵਿਹਾਰ ਕਰੋ - ਅਜਿਹੇ ਉਦੇਸ਼ ਬਣਾਓ ਜੋ ਵਾਸਤਵਿਕ ਹੋਣ।
- ਆਪਣੇ ਰਿਸ਼ਤੇਦਾਰ ਦੀਆਂ ਯਾਦਾਂ ਨੂੰ ਸੰਭਾਲ ਕੇ ਰੱਖੋ - ਇਹ ਹਮੇਸ਼ਾ ਤੁਹਾਡੇ ਦਿਲ ਵਿੱਚ ਰਹਿਣਗੀਆਂ।

ਦੂਜਾ ਸੈਕਸ਼ਨ

# ਸਮਰਥਨ


ਪਰਿਵਾਰਕ ਸਮਰਥਨ ਸੇਵਾਵਾਂ 16

ਅੰਗ ਅਤੇ ਟਿਸ਼ੂ ਦਾਣੀਆਂ ਨੂੰ ਯਾਦ ਕਰਨਾ 17

ਦਾਨੀ ਪਰਿਵਾਰ ਦੀਆਂ ਕਹਾਨੀਆਂ 18

ਦਾਨੀ ਪਰਿਵਾਰਾਂ ਅਤੇ ਪ੍ਰਾਪਤਕਰਤਾਵਾਂ ਨਾਲ ਸਾਂਝੇ ਕੀਤੇ ਸ਼ਬਦ 21

ਪ੍ਰਾਪਤਕਰਤਾਵਾਂ ਤੋਂ ਮਿਲਿਆਂ ਚਿੱਠੀਆਂ 22

ਦਾਨੀ ਮਾਤਾ ਦੇ ਸ਼ਬਦ 24

ਸੰਪਰਕ 25

# ਪਰਿਵਾਰਕ ਸਮਰਥਨ ਸੇਵਾਵਾਂ

**ਇੱਕ ਰਾਸ਼ਟਰੀ DonateLife ਪਰਿਵਾਰਕ ਸਮਰਥਨ ਸੇਵਾ ਸਥਾਪਿਤ ਕੀਤੀ ਗਈ ਹੈ ਤਾਂਜੋ ਅੰਗ ਅਤੇ ਟਿਸ਼ੂ ਦਾਨੀਆਂ ਦੇ ਪਰਿਵਾਰਾਂ ਨੂੰ ਦਾਨ ਤੋਂ ਪਹਿਲਾਂ, ਇਸਦੇ ਦੌਰਾਨ ਅਤੇ ਇਸਦੇ ਬਾਅਦ ਸਮਰਥਨ ਪ੍ਰਦਾਨ ਕੀਤਾ ਜਾ ਸਕੇ। ਸਮਰਥਨ ਕਈ ਤਰ੍ਹਾਂ ਨਾਲ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਹ ਹੁਣ ਅਤੇ ਭਵਿੱਖ ਵਿੱਚ ਤੁਹਾਡੀਆਂ ਜ਼ਰੂਰਤਾਂ ਤੇ ਨਿਰਭਰ ਕਰਦੇ ਹੋਏ ਵੱਖ-ਵੱਖ ਹੋਵੇਗਾ।**

ਸੇਵਾ ਦੇ ਭਾਗ ਦੇ ਤੌਰ 'ਤੇ ਪਰਿਵਾਰਕ ਸਮਰਥਨ ਕੋਆਰਡੀਨੇਟਰ (Family Support Coordinators) ਹਰੇਕ ਸੂਬੇ ਅਤੇ ਟੇਰੇਟਰੀ ਦੀ DonateLife Agency ਵਿੱਚ ਸਥਿਤ ਹਨ। ਪਰਿਵਾਰਕ ਸਮਰਥਨ ਕੋਆਰਡੀਨੇਟਰ ਤੁਹਾਨੂੰ ਹੋਏ ਨੁਕਸਾਨ ਦੌਰਾਨ ਤੁਹਾਡਾ ਅਤੇ ਤੁਹਾਡੇ ਪਰਿਵਾਰ ਦਾ ਸਮਰਥਨ ਕਰਨ ਲਈ ਹੈ। ਉਹ ਤੁਹਾਡੀਆਂ ਗੱਲਾਂ ਸੁਣਦੇ ਹਨ; ਜਾਣਕਾਰੀ ਅਤੇ ਦਿਲਾਸਾ ਦਿੰਦੇ ਹਨ ਅਤੇ ਜੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਉਨ੍ਹਾਂ ਦਾ ਜਵਾਬ ਦਿੰਦੇ ਹਨ। ਹੋ ਸਕਦਾ ਹੈ ਕਿ ਆਪਣੇ ਸਗੇ ਪਰਿਵਾਰ ਦੇ ਬਾਹਰ ਤੁਹਾਨੂੰ ਕਿਸੇ ਨਾਲ ਗੱਲਬਾਤ ਕਰਨਾ ਸਹਾਇਕ ਲਗੇ। ਸੇਵਾ ਵਿੱਚ ਸਲਾਹ-ਮਸ਼ਵਰਾ ਜਾਂ ਸਥਾਨਕ ਸੋਗ ਸਲਾਹਕਾਰਾਂ ਨੂੰ ਰੇਫਰ ਕੀਤਾ ਜਾਣਾ ਸ਼ਾਮਿਲ ਹੈ ਜੇ ਇਸਦੀ ਪ੍ਰਾਥਮਿਕਤਾ ਦਿੱਤੀ ਜਾਵੇ ਤਾਂ।

DonateLife Agency ਤੋਂ ਮਿਲੱਣ ਵਾਲੀ ਸ਼ੁਰੂਆਤੀ ਲਿਖਤ-ਪੜ੍ਹਤ ਵਿੱਚ ਤੁਸੀਂ ਇਹ ਜਾਣੋਗੇ ਕਿ ਟ੍ਰਾਂਸਪਲਾਂਟੇਸ਼ਨ ਨਾਲ ਕਿੰਨੇ ਲੋਕਾਂ ਨੂੰ ਮਦਦ ਮਿਲੀ ਹੈ ਅਤੇ ਤੁਹਾਡੀ ਪ੍ਰਗਤੀ ਕਿਵੇਂ ਚੱਲ ਰਹੀ ਹੈ। ਦਾਨੀਆਂ ਅਤੇ ਟ੍ਰਾਂਸਪਲਾਂਟ ਪ੍ਰਾਪਤਕਰਤਾਵਾਂ, ਦੋਹਾਂ ਦੇ ਪਰਿਵਾਰ ਅਸੁਰੱਖਿਅਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਵੱਖ-ਵੱਖ ਹਾਲਾਤਾਂ ਤੋਂ ਬਾਹਰ ਆਉਣ ਅਤੇ ਇਨ੍ਹਾਂ ਨਾਲ ਤਾਲਮੇਲ ਬਿਠਾਉਣ ਵਿੱਚ ਸਮੇਂ ਦੀ ਲੋੜ ਹੁੰਦੀ ਹੈ।

ਹਾਲਾਂਕਿ ਪ੍ਰਾਪਤਕਰਤਾਵਾਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ ਹੈ, ਪਰ ਜੇ ਤੁਸੀਂ ਚਾਹੋ ਤਾਂ ਤੁਹਾਨੂੰ ਲਿਖਤ-ਪੜ੍ਹਤ ਅੱਗੇ ਭੇਜਣ ਦੀ  ਜ਼ੁੰਮੇਵਾਰੀ DonateLife ਦੀ ਹੁੰਦੀ ਹੈ। ਇਸੇ ਤਰ੍ਹਾਂ, ਤੁਸੀਂ ਇਨ੍ਹਾਂ ਸਾਧਨਾਂ ਰਾਹੀਂ ਪ੍ਰਾਪਤਕਰਤਾਵਾਂ ਨੂੰ ਚਿੱਠੀ ਲਿਖ ਸਕਦੇ ਹੋ ਜਾਂ ਉਨ੍ਹਾਂ ਦੀਆਂ ਚਿੱਠੀਆਂ ਦਾ ਜਵਾਬ ਦੇ ਸਕਦੇ ਹੋ।

ਜੇ ਕਿਸੇ ਸਮੇਂ ਤੁਹਾਨੂੰ ਲਗਦਾ ਹੈ ਕਿ ਤੁਸੀਂ ਇਹ ਕਰਨਾ ਚਾਹ ਸਕਦੇ ਹੋ, ਤਾਂ ਤੁਹਾਡਾ ਪਰਿਵਾਰਕ ਸਮਰਥਨ ਕੋਆਰਡੀਨੇਟਰ ਤੁਹਾਡੀ ਮਦਦ ਕਰਨ ਵਿੱਚ ਸਮਰਥ ਹੋ ਸਕਦਾ ਹੈ।

ਜੇ ਭਵਿੱਖ ਵਿੱਚ ਤੁਸੀਂ ਪ੍ਰਾਪਤਕਰਤਾਵਾਂ ਦੀ ਪ੍ਰਗਤੀ ਬਾਰੇ ਅਪਡੇਟ ਲੈਣਾ ਚਾਹੁੰਦੇ ਹੋ ਤਾਂ ਇਨ੍ਹਾਂ ਸਾਧਨਾਂ ਰਾਹੀਂ ਇਸਦੀ ਸੁਵਿਧਾ ਪ੍ਰਦਾਨ ਕੀਤੀ ਜਾ ਸਕਦੀ ਹੈ। ਅਪਡੇਟ ਨਿਯਮਿਤ ਤੌਰ 'ਤੇ ਪ੍ਰਦਾਨ ਨਹੀਂ ਕੀਤੇ ਜਾਂਦੇ ਹਨ, ਕਿਉਂਕਿ ਹਰ ਪਰਿਵਾਰ ਇਹ ਜਾਣਨਾ ਨਹੀਂ ਚਾਹੁੰਦਾ ਹੈ ਕਿ ਕੀ ਹਾਲਾਤ ਸਾਲਾਂ ਬਾਅਦ ਅੱਗੇ ਚੱਲਕੇ ਬਦਲਦੇ ਹਨ ਕਿ ਨਹੀਂ।

# ਅੰਗ ਅਤੇ ਟਿਸ਼ੂ ਦਾਨੀਆਂ ਨੂੰ ਯਾਦ ਕਰਨਾ

**ਕਈ ਸਾਲਾਂ ਦੌਰਾਨ, ਪੂਰੇ ਆਸਟ੍ਰੇਲੀਆ ਵਿੱਚ ਅੰਗ ਅਤੇ ਟਿਸ਼ੂ ਦਾਨ ਏਜੰਸੀਆਂ ਨੇ ਸਾਰੇ ਅੰਗ ਅਤੇ ਟਿਸ਼ੂ ਦਾਨੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਉਦਾਰਤਾ ਨੂੰ ਸਵੀਕਾਰ ਕਰਨ ਦੇ ਖਾਸੇ ਤਰੀਕੇ ਤਿਆਰ ਕੀਤੇ ਹਨ।**

## ਯਾਦ ਕਰਨ ਨਾਲ ਜੁੜੀਆਂ DonateLife ਦੀਆਂ ਸੇਵਾਵਾਂ (DonateLife Services of Remembrance)

ਸਾਲਾਨਾ DonateLife Services of Remembrance ਦਾ ਆਯੋਜਨ ਦਾਨੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸ਼ੁਕਰਗੁਜਾਰ ਕਰਨ ਅਤੇ ਉਨ੍ਹਾਂ ਦਾ ਧੰਨਵਾਦ ਕਰਨ ਲਈ ਇੱਕ ਮੰਚ ਪ੍ਰਦਾਨ ਕਰਦਾ ਹੈ। ਇਹ ਅੰਗ ਅਤੇ ਟਿਸ਼ੂ ਦਾਨ ਨਾਲ ਪ੍ਰਭਾਵਿਤ ਲੋਕਾਂ ਲਈ ਅਜਿਹੇ ਹੋਰ ਲੋਕਾਂ ਨਾਲ ਮੁਲਾਕਾਤ ਕਰਨ ਦਾ ਵੀ ਮੌਕਾ ਹੁੰਦਾ ਹੈ ਜਿਨ੍ਹਾਂ ਦਾ ਜੀਵਨ ਇਸ ਤਜਰਬੇ ਨਾਲ ਬਦਲਿਆ ਹੋਵੇ।

## ਦਾਨੀ ਪਰਿਵਾਰ ਦਾ ਸਮਰਥਨ ਪਿਨ

ਇਹ ਲੈਬਲ ਪਿਨ ਖਾਸ ਤੌਰ 'ਤੇ ਅੰਗ ਅਤੇ ਟਿਸ਼ੂ ਦਾਨੀਆਂ ਦੇ ਪਰਿਵਾਰਾਂ ਲਈ ਬਣਾਈ ਗਈ ਹੈ।

## DonateLife ਦੀ ਜੀਵਨ ਦੀ ਕਿਤਾਬ (DonateLife Book of Life)

DonateLife Book of Life ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਦਾ ਕਲੇਕਸ਼ਨ ਹੈ ਜੋ ਅੰਗ ਅਤੇ ਟਿਸ਼ੂ ਦਾਨ ਨਾਲ ਪ੍ਰਭਾਵਿਤ ਹੋਏ ਹਨ। ਇਹ ਕਹਾਣੀਆਂ ਉਨ੍ਹਾਂ ਜਿੰਦਗੀਆਂ ਦੀ ਉਦਾਰਤਾ ਨੂੰ ਸ਼ਰਧਾਂਜਲੀ ਦਿੰਦੀਆਂ ਹਨ ਜੋ ਦੁਖਦ ਤਰੀਕੇ ਨਾਲ ਅਚਾਨਕ ਖਤਮ ਹੋ ਗਈਆਂ ਹੋਣ। Book of Life ਨੇ DonateLife ਹਫਤੇ, ਫਰਵਰੀ 2011 ਵਿੱਚ ਪੂਰੇ ਆਸਟ੍ਰੇਲੀਆ ਵਿੱਚ ਆਪਣੇ ਸਫਰ ਦੀ ਸ਼ੁਰੂਆਤ ਕੀਤੀ ਸੀ। ਆਪਣੀ ਪ੍ਰਸਿੱਧੀ ਦੇ ਕਾਰਨ ਹੁਣ ਇਹ DonateLife ਦੇ ਸਾਧਨਾਂ ਦਾ ਇੱਕ ਸਥਾਈ ਭਾਗ ਅਤੇ ਇੱਕ ਅਜਿਹੀ ਥਾਂ ਬਣ ਗਈ ਹੈ ਜਿੱਥੇ ਦਾਣੀਆਂ ਅਤੇ ਟ੍ਰਾਂਸਪਲਾਂਟ ਦੀਆਂ ਕਹਾਣੀਆਂ ਦੱਸਿਆਂ ਜਾ ਸਕਦੀਆਂ ਹਨ। Book of Life ਨੂੰ www.donatelife.gov.au ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਉੱਪਰ ਦਿੱਤੇ ਕਿਸੇ ਵੇਰਵੇ ਬਾਰੇ ਵਧੇਰੀ ਜਾਣਕਾਰੀ ਲਈ, ਕ੍ਰਿਪਾ ਕਰਕੇ ਆਪਣੇ ਸੂਬੇ ਜਾਂ ਟੇਰੇਟਰੀ ਦੀ DonateLife Agency ਨਾਲ ਸੰਪਰਕ ਕਰੋ।

# ਦਾਨੀ ਪਰਿਵਾਰ ਦੀਆਂ ਕਹਾਣੀਆਂ

## ਦੋ ਪਰਿਵਾਰਾਂ ਨੇ ਉਦਾਰਤਾ ਨਾਲ ਆਪਣੇ ਨਿੱਜੀ ਤਜਰਬੇ ਸਾਡੇ ਨਾਲ ਸਾਂਝੇ ਕੀਤੇ ਹਨ।

### ਪਹਿਲੀ ਕਹਾਣੀ

ਕੁੱਝ ਸਾਲ ਪਹਿਲਾਂ ਮੱਧ-ਜੁਲਾਈ ਵਿੱਚ ਇੱਕ ਘਣੇ ਬੱਦਲਾਂ ਵਾਲੇ ਦਿਨ, ਮੈਨੂੰ ਟੈਲੀਫੋਨ ਤੇ ਇਹ ਖਬਰ ਮਿਲੀ ਕਿ ਮੇਰੇ ਪਿਆਰੇ ਵੱਡੇ ਮੁੰਡੇ ਦਾ ਸਿਰ ਤੇ ਸੱਟ ਲਗਣ ਕਰਕੇ ਤੁਰੰਤ ਹੀ ਦਿਹਾਂਤ ਹੋ ਗਿਆ ਸੀ। ਜਦੋਂ ਉਹ ਕੰਮ ਤੋਂ ਵਾਪਿਸ ਘਰ ਆ ਰਿਹਾ ਸੀ ਤਾਂ ਇੱਕ ਮੋਟਰ ਗੱਡੀ ਦੁਰਘਟਨਾ ਕਰਕੇ ਅਜਿਹਾ ਹੋਇਆ ਸੀ।

ਕੁੱਝ ਘੰਟਿਆਂ ਬਾਅਦ, ਉਸਦੀ ਜਵਾਨ ਵਿਧਵਾ, ਜੋ ਦਾਨੀ ਕੋਆਰਡੀਨੇਟਰ ਦੁਆਰਾ ਸੰਭਾਵੀ ਟਿਸ਼ੂ ਦਾਨ ਦੀ ਚਰਚਾ ਕਰਨ ਲਈ ਸੰਪਰਕ ਕੀਤੇ ਜਾਣ ਸਮੇਂ ਦੁਖੀ ਸੀ, ਇਹ ਜ਼ਰੂਰੀ ਫੈਸਲਾ ਲੈਣ ਵਿੱਚ ਅਸਮਰਥ ਸੀ।

ਮੈਨੂੰ ਤਾਂ ਇਹ ਪਤਾ ਨਹੀਂ ਸੀ ਕਿ ਮੇਰੇ ਮੁੰਡੇ ਨੇ ਇੱਕ ਦਾਨੀ ਦੇ ਤੌਰ 'ਤੇ ਆਪਣੇ ਆਪ ਨੂੰ ਰਜਿਸਟਰਡ ਕੀਤਾ ਹੋਇਆ ਹੈ, ਪਰ ਕਿਉਂਕਿ ਮੈਂ ਉਸਨੂੰ ਜੀਵਨ ਵਿੱਚ ਇੱਕ ਪਿਆਰ ਕਰਨ ਵਾਲੇ, ਧਿਆਨ ਰੱਖਣ ਵਾਲੇ, ਇਮਾਨਦਾਰ ਅਤੇ ਦਿਆਲੂ ਰੂਹਾਨੀ ਵਿਅਕਤੀ ਦੇ ਤੌਰ 'ਤੇ ਜਾਣਦੀ ਸੀ, ਇਸਲਈ ਮੈਨੂੰ ਟਿਸ਼ੂ ਕੱਢਣ ਦੀ ਇਜਾਜਤ ਦੇਣ ਵਿੱਚ ਕੋਈ ਝਿਝਕ ਨਹੀਂ ਹੋਈ। ਇਹ ਜਾਣਦੇ ਹੋਏ ਕਿ ਇਹ ਉਸਦੀ ਇੱਛਾ ਸੀ, ਸਾਨੂੰ ਉਸਦੀ ਅਚਾਨਕ ਮੌਤ ਹੋਣ ਦੀ ਸਥਿਤੀ ਵਿੱਚ ਦਾਨ ਕਰਨ ਦੇ ਉਸਦੇ ਵਿਕਲਪ ਨੂੰ ਖੋਹਣ ਦਾ ਕੋਈ ਹੱਕ ਨਹੀਂ ਸੀ।

ਟਿਸ਼ੂ ਦਾਨ ਦੇ ਬਾਅਦ, ਅਸੀਂ ਉਸਦਾ ਸ਼ਰੀਰ ਵੇਖ ਸਕੇ ਅਤੇ ਸਾਨੂੰ ਇਹ ਲਗਿਆ ਕਿ ਉਹ ਠੀਕ ਵੈਸਾ ਹੀ ਦਿਖ ਰਿਹਾ ਹੈ ਜਿਵੇਂ ਕਿ ਉਹ ਹਮੇਸ਼ਾ ਸੁੱਤੇ ਹੋਏ ਦਿੱਸਦਾ ਸੀ। ਕੁੱਝ ਸਮੇਂ ਬਾਅਦ, ਮੈਨੂੰ ਦਾਨੀ ਕੋਆਰਡੀਨੇਟਰ ਤੋਂ ਦਿਲ ਨੂੰ ਛੂਹ ਲੈਣ ਵਾਲੀ ਇੱਕ ਚਿੱਠੀ ਮਿਲੀ ਜਿਸ ਵਿੱਚ ਮੇਰੇ ਮੁੰਡੇ ਦੇ ਟਿਸ਼ੂ ਦਾਨ ਲਈ ਮੇਰਾ ਧੰਨਵਾਦ ਕੀਤਾ ਗਿਆ ਸੀ।

ਮੈਨੂੰ ਇਹ ਦਸਦੇ ਹੋਏ ਮਾਨ ਮਹਿਸੂਸ ਹੁੰਦਾ ਹੈ ਕਿ ਮੇਰੇ ਮੁੰਡੇ ਨੇ ਆਪਣੀਆਂ ਅੱਖਾਂ, ਦਿਲ ਦੀਆਂ ਨਸਾਂ, ਟੰਗਾਂ ਦੀਆਂ ਹੱਡੀਆਂ ਅਤੇ ਏਚੀਲਸ ਟੈਂਡਨ ਦਾਨ ਕੀਤੇ ਸੀ। ਮੈਨੂੰ ਇਹ ਦਸਦੇ ਹੋਏ ਵੀ ਮਾਨ ਮਹਿਸੂਸ ਹੁੰਦਾ ਹੈ ਕਿ ਉਸਦੇ ਦਾਨ ਕਰਕੇ, ਤੀਹ ਤੋਂ ਚਾਲੀ ਸਾਲ ਦੀ ਉਮਰ ਵਾਲੇ ਇੱਕ ਪੁਰਸ਼ ਅਤੇ ਇੱਕ ਮਹਿਲਾ, ਦੋਹਾਂ, ਨੂੰ ਆਪਣੀ ਅੱਖਾਂ ਦੀ ਰੋਸ਼ਨੀ ਵਾਪਿਸ ਮਿਲ ਸਕੀ, ਅਤੇ ਸਤਾਰ੍ਹਾਂ ਹੋਰ ਲੋਕਾਂ ਨੂੰ ਹੱਡੀ ਦੇ ਭਾਗ ਮਿਲੇ - ਇਨ੍ਹਾਂ ਵਿਚੋਂ ਪੰਜ ਪ੍ਰਾਪਤਕਰਤਾ ਬੱਚੇ ਸੀ।

ਇਸਤੋਂ ਪਹਿਲਾਂ ਕਿ ਮੇਰਾ ਮੁੰਡਾ ਕਿਸੇ ਬੱਚੇ ਦਾ ਬਾਪ ਬਣ ਪਾਉਂਦਾ, ਉਸਦਾ ਦਿਹਾਂਤ ਹੋ ਗਿਆ ਪਰ ਇਸਦੇ ਇਸ ਦਾਨ ਤੇ ਮੈਨੂੰ ਬਹੁਤ ਮਾਨ ਸੀ। ਮੌਤ ਵਿੱਚ ਵੀ, ਸਿੱਧੇ ਆਪਣੇ ਇਨ੍ਹਾਂ ਤੋਹਫਿਆਂ ਕਰਕੇ ਉਸਨੇ ਕਈ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਇਆ - ਟਿਸ਼ੂ ਦੇ ਭਾਗ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਹੀ ਨਹੀਂ, ਪਰ ਉਸਦੇ ਪਰਿਵਾਰਾਂ ਅਤੇ ਅੱਗੇ ਹੋਰ ਪਰਿਵਾਰਕ ਸਦੱਸਾਂ ਨੂੰ ਵੀ। ਮੈਨੂੰ ਯਕੀਨ ਹੈ ਕਿ ਉਹ ਸਾਰੇ ਆਪਣੇ ਰਿਸ਼ਤੇਦਾਰ ਦੁਆਰਾ ਆਨੰਦ ਮਾਨਣ ਵਾਲੀ ਬਿਹਤਰ ਜੀਵਨਸ਼ੈਲੀ ਨੂੰ ਦੇਖਕੇ ਖੁਸ਼ ਹੋਣਗੇ।

ਇਹ ਜਾਣਨਾ ਮੇਰੇ ਪਰਿਵਾਰ ਨੂੰ ਅਤੇ ਮੈਨੂੰ ਲਗਾਤਾਰ ਸੁਖ ਦਿੰਦਾ ਹੈ।

## ਦੂਜੀ ਕਹਾਨੀ

ਕਈ ਸਾਲ ਪਹਿਲਾਂ ਸਾਡੇ ਲਈ ਜੀਵਨ ਦਾ ਮਤਲਬ ਬਦਲ ਗਿਆ ਸੀ। ਸਵੇਰ ਦਾ ਸਮਾਂ ਸੀ, ਮੈਂ ਸਵੇਰੇ ਉੱਠ ਕੇ ਇੱਕ ਨਵੇਂ ਦਿਨ ਬਾਰੇ ਸੋਚ ਰਹੀ ਸੀ ਕਿ ਅਚਾਨਕ ਮੈਨੂੰ ਨਾਲ ਵਾਲੇ ਕਮਰੇ ਤੋਂ ਰੋਣ ਦੀ ਆਵਾਜ਼ ਆਈ। ਇਹ ਮੇਰੀ ਜਵਾਨ ਕੁੜੀ ਦੀ ਆਵਾਜ਼ ਸੀ। ਉਸਨੇ ਮੈਨੂੰ ਕਿਹਾ "ਮਾਂ, ਅਜਿਹਾ ਲਗ ਰਿਹਾ ਹੈ ਕਿ ਮੇਰਾ ਸਿਰ ਫੱਟ ਜਾਵੇਗਾ। ਡਾਕਟਰ ਨੂੰ ਸੱਦੋ। ਕੁੱਝ ਠੀਕ ਨਹੀਂ ਹੈ!"

ਪੰਦਰਾਂ ਮਿਨਟ ਦੇ ਅੰਦਰ-ਅੰਦਰ ਉਹ ਬੇਹੋਸ਼ ਹੋ ਗਈ। ਜਦ ਮੈਂ ਐਬੂਲੇਂਸ ਨੂੰ ਫੋਨ ਕਰ ਰਹੀ ਸੀ ਤਾਂ ਉਸਨੇ ਸਾਹ ਲੈਣਾ ਬੰਦ ਕਰ ਦਿੱਤਾ, ਇਸਲਈ ਮੈਂ ਐਂਬੂਲੇਂਸ ਆਉਣ ਤਕ ਸਾਹ ਦੇਣ ਵਿੱਚ ਉਸਦੀ ਮਦਦ ਕੀਤੀ। ਉਸਦੀ ਰੋਣ ਦੀ ਆਵਾਜ਼ ਸੁਣਨ ਦੇ ਪੰਤਾਲੀ ਮਿਨਟ ਬਾਅਦ ਉਹ ਹਸਪਤਾਲ ਵਿੱਚ ਸੀ। ਮਾਪੇ ਲਈ ਹਰ ਸੰਭਵ ਹੋ ਸਕਨ ਵਾਲੀ ਸਭ ਤੋਂ ਬੁਰੀ ਸਥਿਤੀ ਦੀ ਸ਼ੁਰੂਆਤ ਹੋ ਚੁੱਕੀ ਸੀ।

ਬਹੁਤ ਘੰਟਿਆਂ ਬਾਅਦ ਸਾਨੂੰ ਇਹ ਪਤਾ ਲਗਾ ਕਿ ਸਮੱਸਿਆ ਕੀ ਸੀ। CT ਸਕੈਨ ਬਾਅਦ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਸਦੇ ਦਿਮਾਗ ਵਿੱਚ ਖੂਨ ਦਾ ਵਹਾਅ ਹੋਇਆ ਹੈ। ਹਸਪਤਾਲ ਵਿੱਚ ਉਸਨੂੰ ਭਰਤੀ ਕਰਨ ਦੇ ਚਾਰ ਘੰਟੇ ਬਾਅਦ ਉਹ ਇਨਟੇਨਸਿਵ ਕੇਅਰ ਵਿੱਚ ਸੀ ਅਤੇ ਅਸੀਂ ਉਸਨੂੰ ਦੇਖਣ ਜਾ ਸਕੇ। ਉਹ 'ਸਧਾਰਨ' ਲਗੀ ਜਿਵੇਂ ਕਿ ਉਹ ਬੱਸ ਸੁੱਤੀ ਹੋਈ ਹੋਵੇ। ਉਸਦਾ ਸ਼ਰੀਰ ਗਰਮ ਸੀ। ਉਸਦੀ ਛਾਤੀ ਉੱਤੇ-ਥੱਲੇ ਹੋ ਰਹੀ ਸੀ। ਇਸ ਗੱਲ ਦਾ ਕੋਈ ਸੱਪਸ਼ਟ ਸੰਕੇਤ ਨਹੀਂ ਸੀ ਕਿ ਕੁੱਝ ਗਲਤ ਵਾਪਰਿਆ ਹੈ। ਸਾਨੂੰ ਯਕੀਨ ਹੀ ਨਹੀਂ ਹੋਇਆ ਕਿ ਉਨ੍ਹਾਂ ਪਿੱਛਲੇ ਕੁੱਝ ਘੰਟਿਆਂ ਵਿੱਚ ਕੀ ਹੋਇਆ ਸੀ।

ਜਦੋਂ ਅਸੀਂ ਉਸਨੂੰ ਇਨਟੇਨਸਿਵ ਕੇਅਰ ਵਿੱਚ ਮਿਲੇ, ਉਸਦੇ ਤੁਰੰਤ ਬਾਅਦ ਡਾਕਟਰਾਂ ਨੇ ਪਹਿਲੀ ਫੈਮਿਲੀ ਕਾਨਫਰੇਂਸ਼ ਕੀਤੀ ਯਾਨਿ ਕਿ ਪਰਿਵਾਰ ਨੂੰ ਕੁੱਝ ਦੱਸਣ ਲਈ ਇੱਕਠਾ ਕੀਤਾ। ਉਨ੍ਹਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਖੂਨ ਦਾ ਵਹਾਅ ਕਿਉਂ ਹੋਇਆ ਹੈ ਪਰ ਇਹ ਇੰਨਾ ਖਤਰਨਾਕ ਸੀ ਕਿ ਉਸਦੇ ਰਿਕਵਰ ਹੋਣ ਦੀ ਕੋਈ ਉਮੀਦ ਨਹੀਂ ਸੀ। ਇਹ ਸੁਣ ਕੇ, ਸਭ ਤੋਂ ਪਹਿਲਾਂ ਮੇਰੇ ਮਨ ਵਿੱਚ ਇਹ ਖਿਆਲ ਆਇਆ ਕਿ ਉਸਨੂੰ 'ਜਿੰਦਾ' ਰਹਿਣਾ ਪਵੇਗਾ ਤਾਂਜੋ ਉਸਦੇ ਪਿਤਾਜੀ ਅਤੇ ਵੱਡੀ ਭੈਣ, ਉਹ ਦੋਵੇਂ ਦੂਜੇ ਸੂਬੇ ਵਿੱਚ ਕੰਮ ਕਰਦੇ ਸਨ, ਉਸਨੂੰ ਅਲਵਿਦਾ ਕਹਿਣ ਇੱਥੇ ਆ ਸਕਣ। ਨਾਲ ਹੀ, ਮੈਂ ਕਿਹਾ ਕਿ ਉਹ ਅੰਗ ਦਾਨੀ ਬਣਨਾ ਚਾਹੁੰਦੀ ਸੀ। ਪਰ ਡਾਕਟਰਾਂ ਨੇ ਛੇਤੀ ਹੀ ਮੈਨੂੰ ਦੱਸਿਆ ਕਿ ਦਿਮਾਗੀ ਮੌਤ ਦੀ ਪੁਸ਼ਟੀ ਕੀਤੇ ਜਾਣ ਤਕ ਇਸ ਬਾਰੇ ਚਰਚਾ ਨਹੀਂ ਕੀਤੀ ਜਾਵੇਗੀ ਅਤੇ ਅੱਗਲੇ ਚੌਵੀ ਘੰਟਿਆਂ ਤਕ ਟੈਸਟ ਨਹੀਂ ਕੀਤਾ ਜਾਵੇਗਾ।

ਅਸੀਂ ਅੰਗ ਦਾਨ ਦੀ ਚਰਚਾ ਤਦੋਂ ਕੀਤੀ ਸੀ ਜਦ ਉਹ ਆਪਣੇ ਡ੍ਰਾਇਵਰ ਲਾਇਸੇਂਸ ਲਈ ਆਪਣਾ ਲਰਨਰ ਪਰਮਿਟ ਲੈਣ ਗਈ ਸੀ ਅਤੇ ਉਸਨੇ ਤਦੋਂ ਕਿਹਾ ਸੀ ਕਿ ਅੰਗ ਦਾਨ ਕਰਨਾ ਸਹੀ ਹੈ। ਮੈਂ ਖੁਸ਼ਕਿਸਮਤ ਸੀ, ਮੇਰੇ ਮਨ ਵਿੱਚ ਕੋਈ ਸ਼ੰਕਾ ਨਹੀਂ ਸੀ ਕਿ ਉਸ ਇਸਦੇ ਲਈ ਮਨਜ਼ੂਰੀ ਨਹੀਂ ਦਵੇਗੀ। ਮੇਰਾ ਹਮੇਸ਼ਾ ਇਹ ਮੰਨਣਾ ਸੀ ਕਿ ਅਜਿਹੀ ਦੁਖਦਾਈ ਸਥਿਤੀ ਤੋਂ ਜੇ ਕੋਈ ਚੰਗੀ ਗੱਲ ਸਾਮ੍ਹਣੇ ਆ ਸਕਦੀ ਹੈ ਤਾਂ ਉਹ ਅੰਗ ਦਾਨ ਹੈ, ਪਰ ਅਸੀਂ ਕਦੇ ਇਹ ਨਹੀਂ ਸੋਚਿਆ ਸੀ ਕਿ 'ਸਾਡੇ ਨਾਲ ਇਹ ਹੋ ਸਕਦਾ ਹੈ'। ਉਸਦੇ ਪਿਤਾਜੀ ਅਤੇ ਭੈਣ ਉਸ ਦਿਨ ਬਾਅਦ ਵਿੱਚ ਪਹੁੰਚੇ ਅਤੇ ਸਾਨੂੰ ਸਾਰੀਆਂ ਨੂੰ ਉਸਨਾਲ ਬਹੁਤ ਸਮਾਂ ਮਿਲਿਆ। ਉਸਦੀ ਛੋਟੀ ਭੈਣ ਉਸਦਾ ਵਾਕਮੈਨ ਆਪਣੇ ਨਾਲ ਲਿਆਈ ਅਤੇ ਅਸੀਂ ਉਸਦੀ ਪੰਸਦੀਦਾ CDs ਲਗਾਇਆਂ। ਉਸਦੇ ਬੁਆਏਫ੍ਰੈਂਡ ਨੇ ਉਸਦੇ ਨਾਲ ਸਾਰੀਆਂ ਯੋਜਨਾਵਾਂ ਅਤੇ ਸੁਫਨਿਆਂ ਬਾਰੇ ਗੱਲਬਾਤ ਕੀਤੀ ਜੋ ਹੁਣ ਪੂਰੇ ਨਹੀਂ ਹੋਣਗੇ। ਮੈਂ ਬੈਠੀ ਸੀ ਅਤੇ ਮੈਂ ਉਸਦਾ ਹੱਥ ਫੜਿਆ ਹੋਇਆ ਸੀ ਅਤੇ ਮੈਂ ਇਹ ਉਮੀਦ ਅਤੇ ਦੁਆ ਕਰ ਰਹੀ ਸੀ ਕਿ ਉਹ ਅੱਜੇ ਵੀ 'ਉੱਥੇ' ਹੈ ਅਤੇ ਇਹ ਸੁਣ ਰਹੀ ਹੈ ਕਿ ਅਸੀਂ ਸਭ ਉਸਨਾਲ ਕਿੰਨਾ ਪਿਆਰ ਕਰਦੇ ਹਾਂ ਅਤੇ ਸਾਨੂੰ ਉਸਦੀ ਬਹੁਤ ਯਾਦ ਆਵੇਗੀ।

ਅਗਲੇ ਦਿਨ ਦਿਮਾਗੀ ਮੌਤ ਦੇ ਟੈਸਟਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਜਿਸਦਾ ਸਾਨੂੰ ਡਰ ਸੀ ਅਤੇ ਫਿਰ ਅੰਗ ਦਾਨ ਲਈ ਪ੍ਰਕ੍ਰਿਆ ਸ਼ੁਰੂ ਹੋ ਗਈ। ਅਜਿਹੇ ਸਮੇਂ ਸੀ ਜਦ ਮੈਂ ਇਹ ਸੋਚਦੀ ਸੀ ਕਿ 'ਉਹ ਸਾਡੇ ਤੋਂ ਬਹੁਤ ਦੂਰ ਹੋ ਗਈ ਹੈ - ਆਖਿਰਕਾਰ ਲੋਕ ਕੋਮਾ ਤੋਂ ਬਾਹਰ ਆ ਜਾਂਦੇ ਹਨ ਅਤੇ ਫਿਰ ਸਧਾਰਨ ਹੋ ਜਾਂਦੇ ਹਨ"। ਅਤੇ ਫਿਰ ਮੈਂ ਨਰਸਾਂ ਨਾਲ ਗੱਲਬਾਤ ਕਰਦੀ ਅਤੇ ਕੀਤੇ ਗਏ ਕੜ੍ਹੇ ਟੈਸਟਾਂ ਨੂੰ ਯਾਦ ਕਰਦੀ ਅਤੇ ਮੈਨੂੰ ਇਹ ਅਹਿਸਾਸ ਹੁੰਦਾ ਕਿ ਭਾਵੇਂ ਉਹ ਵੇਂਟੀਲੇਟਰ ਤੇ ਕਿੰਨੇ ਚਿਰ ਲਈ ਵੀ ਰਹਿੰਦੀ, ਉਹ ਜਿੰਦਾ ਨਾ ਹੋ ਪਾਂਦੀ।

ਜਦੋਂ ਉਸਨੂੰ ਅੰਗ ਦਾਨ ਲਈ ਥਿਅਟਰ ਲੈ ਜਾਇਆ ਜਾ ਰਿਹਾ ਸੀ ਤਾਂ ਲਿਫਟ ਬੰਦ ਹੋਣ ਤੇ ਦਿਲ ਇੱਕਦਮ ਟੁੱਟਣ ਵਰਗਾ ਮਹਿਸੂਸ ਹੋਇਆ, ਪਰ ਸਾਨੂੰ ਪੱਕਾ ਯਕੀਨ ਸੀ ਕਿ ਇਹ ਇੱਕਦਮ ਸਹੀ ਕਦਮ ਸੀ। ਹਾਲਾਂਕਿ ਸਾਡੀ ਸਥਿਤੀ ਬਹੁਤ ਮਾੜੀ ਸੀ, ਇਹ ਜਾਣਨਾ ਸੁਖਦਾਈ ਸੀ ਕਿ 'ਕਿੱਤੇ' ਅਜਿਹੇ ਲੋਕ ਹਨ ਜੋ ਇਹ ਜਾਣ ਕੇ ਖੁਸ਼ ਹਨ ਕਿ ਉਨ੍ਹਾਂ ਦੇ ਰਿਸ਼ਤੇਦਾਰ ਨੂੰ ਜੀਵਨ ਜੀਣ ਦਾ ਇੱਕ ਹੋਰ ਮੌਕਾ ਮਿਲ ਰਿਹਾ ਹੈ।

ਮੇਰੀ ਕੁੜੀ ਦੇ ਦਿਹਾਂਤ ਦਾ ਕਈ ਲੋਕਾਂ ਤੇ ਅਸਰ ਪਿਆ ਹੈ, ਅਤੇ ਹਾਲਾਂਕਿ ਕੁੱਝ ਵੀ ਕਰ ਲਵੋ ਇਹ ਕਮੀ ਘੱਟ ਜਾਂ ਦੂਰ ਨਹੀਂ ਹੋਵੇਗੀ ਕਿ ਆਪਣੇ ਸੁਫਨੇ ਪੂਰੇ ਕਰਨ ਲਈ ਹੁਣ ਉਹ ਸਾਡੇ ਵਿੱਚ ਨਹੀਂ ਹੈ, ਪਰ ਉਸਨੇ ਜੋ ਵੀ ਆਪਣੀ ਛਾਪ ਛੱਡੀ ਹੈ ਉਸਦਾ ਲੰਬੇ ਸਮੇਂ ਤਕ ਅਸਰ ਰਹੇਗਾ। ਅਸੀਂ ਕੁੱਝ ਵੀ ਅਜਿਹਾ ਨਹੀਂ ਕਰ ਸਕਦੇ ਸੀ ਜੋ ਉਸਦੀ ਮੌਤ ਨੂੰ ਰੋਕ ਸਕਦਾ, ਪਰ ਅੰਗ ਦਾਨ ਦਾ ਮਤਲਬ ਹੈ ਕਿ ਉਸਦੀ ਮੌਤ ਅਰਥਹੀਣ ਨਹੀਂ ਸੀ। ਪ੍ਰਾਪਤਕਰਤਾਵਾਂ ਨੂੰ ਕਦੇ ਵੀ ਇਹ ਪਤਾ ਨਹੀਂ ਚੱਲੇਗਾ ਕਿ ਉਹ ਕੌਣ ਸੀ, ਪਰ ਮੈਨੂੰ ਯਕੀਨ ਹੈ ਕਿ ਜੀਵਨ ਜੀਣ ਦਾ ਦੂਜਾ ਮੌਕਾ ਪਾਉਣ ਵਾਲੇ ਉਹ ਅਜਨਬੀ ਹਮੇਸ਼ਾ ਉਸਨੂੰ ਉਸਦੇ 'ਜੀਵਨ ਦੇ ਤੋਹਫੇ' ਕਰਕੇ ਯਾਦ ਰੱਖਣਗੇ।

**ਅੰਗ ਅਤੇ ਟਿਸ਼ੂ ਦਾਨ ਤੋਂ ਪ੍ਰਭਾਵਿਤ ਲੋਕਾਂ ਦੀਆਂ ਜੀਵਨ-ਬਚਾਉਣ ਅਤੇ ਜੀਵਨ-ਬਦਲਣ ਵਾਲੀਆਂ ਕਹਾਣੀਆਂ ਦੇ ਕਲੇਕਸ਼ਨ ਨੂੰ ਵੇਖਣ ਲਈ**
**www.donatelife.gov.au/donation-stories/donatelife-book-lifeਵੇਖੋ**

# ਦਾਨੀ ਪਰਿਵਾਰਾਂ ਅਤੇ ਪ੍ਰਾਪਤਕਰਤਾਵਾਂ ਦੁਆਰਾ ਸਾਂਝੇ ਕੀਤੇ ਗਏ ਸ਼ਬਦ

"

**ਤੁਹਾਡੇ ਸਾਰੇ ਹਮਦਰਦੀ ਭਰੇ ਅਤੇ ਦਿਆਲੂ ਸ਼ਬਦਾਂ ਲਈ ਤੁਹਾਡਾ ਧੰਨਵਾਦ - ਇਸਨਾਲ ਬਹੁਤ ਫਰਕ ਪਿਆ"**

- ਦਾਨੀ ਪਰਿਵਾਰ

"

**ਇਹ ਸੱਚ ਕਿ ਸਾਡਾ ਪਿਆਰਾ ਟ੍ਰਾਂਸਪਲਾਂਟੇਸ਼ਨ ਰਾਹੀਂ ਹੋਰ ਲੋਕਾਂ ਦੀ ਮਦਦ ਕਰਨ ਵਿੱਚ ਸਮਰਥ ਹੋਇਆ ਹੈ, ਇਸਨਾਲ ਸਾਨੂੰ ਬਹੁਤ ਸੁੱਖ ਮਿਲਿਆ ਹੈ। ਰੱਬ ਉਨ੍ਹਾਂ ਨੂੰ ਹਮੇਸ਼ਾ ਖੁਸ਼ੀਆਂ ਦਵੇ।"**

- ਦਾਨੀ ਪਰਿਵਾਰ

"

**ਸਾਨੂੰ ਜੋ ਸਮਰਥਨ ਮਿਲਿਆ, ਉਸਨਾਲ ਸਾਨੂੰ ਆਪਣੇ ਨੁਕਸਾਨ ਨਾਲ ਨਜਿੱਠਣ ਵਿੱਚ ਮਦਦ ਮਿਲੀ ਅਤੇ ਸਾਨੂੰ ਪਤਾ ਚੱਲਿਆ ਕਿ ਤੁਹਾਨੂੰ ਸਾਡੀ ਕਿੰਨੀ ਪਰਵਾਹ ਹੈ।"**

- ਦਾਨੀ ਪਰਿਵਾਰ

"

**ਸਿਰਫ 'ਧੰਨਵਾਦ' ਕਹਿਣਾ ਬਹੁਤ ਘੱਟ ਲਗਦਾ ਹੈ...."**

- ਇੱਕ ਬਹੁਤ ਸ਼ੁਕਰਗੁਜਾਰ ਪ੍ਰਾਪਤਕਰਤਾ

# ਪ੍ਰਾਪਤਕਰਤਾਵਾਂ ਤੋਂ ਮਿਲੀਆਂ ਚਿੱਠੀਆਂ

### ਸਾਡਾ 'ਖਾਸਾ' ਦਾਨੀ ਪਰਿਵਾਰ

ਅਸੀਂ ਸ਼ਬਦਾਂ ਵਿੱਚ ਇਹ ਬਿਆਨ ਨਹੀਂ ਕਰ ਸਕਦੇ ਹਾਂ ਕਿ ਇਸ ਫੈਸਲੇ ਦਾ ਸਾਡੇ ਲਈ ਅਤੇ ਸਾਡੇ ਛੋਟੇ ਬੱਚੇ ਲਈ ਕੀ ਮਤਲਬ ਹੈ ਜੋ ਹੁਣ ਚਾਰ ਸਾਲ ਦਾ ਹੈ। ਜਦੋਂ ਕਿਸੇ ਬਿਨਾਂ ਸੱਪਸ਼ਟ ਕਾਰਨ ਦੇ ਉਸਦੇ ਜਿਗਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਤਾਂ ਇਹ ਕਿਹਾ ਗਿਆ ਸੀ ਕਿ ਉਸ ਸਿਰਫ ਇੱਕ ਹੋਰ ਹਫਤਾ ਜ਼ਿੰਦਾ ਰਹੇਗਾ। ਇਹ ਸਾਡੇ ਲਈ ਬਹੁਤ ਵੱਡਾ ਸਦਮਾ ਸੀ ਕਿਉਂਕਿ ਉਹ ਹਮੇਸ਼ਾ ਬਹੁਤ ਸਿਹਤਮੰਦ ਰਿਹਾ ਸੀ। ਸਾਡੇ ਸਥਾਨਕ ਹਸਪਤਾਲ ਵਿੱਚ ਥੋੜ੍ਹਾ ਸਮਾਂ ਬਤੀਤ ਕਰਨ ਬਾਅਦ, ਉਸਨੂੰ ਉਸਦਾ ਜੀਵਨ ਬਚਾਉਣ ਵਾਲਾ ਟ੍ਰਾਂਸਪਲਾਂਟ ਮਿਲ ਗਿਆ। ਜੇ ਤੁਸੀਂ ਇਹ ਫੈਸਲਾ ਨਾ ਲਿਆ ਹੁੰਦਾ, ਤਾਂ ਉਸਦੀ ਮੌਤ ਹੋ ਚੁੱਕੀ ਹੁੰਦੀ। ਇਸ ਫੈਸਲੇ ਨਾਲ ਸਾਡੇ ਦਿਲ ਨੂੰ ਠੇਸ ਪਹੁੰਚਦੀ ਸੀ ਕਿਉਂਕਿ ਹਾਲਾਂਕਿ ਅਸੀਂ ਅਰਦਾਸ ਕਰ ਰਹੇ ਸੀ ਕਿ ਇੱਕ ਦਾਨੀ ਉਪਲਬਧ ਹੋ ਜਾਵੇਗਾ, ਪਰ ਫਿਰ ਅਸੀਂ ਇਹ ਵੀ ਜਾਣਦੇ ਸੀ ਕਿ ਕੋਈ ਆਪਣਾ ਰਿਸ਼ਤੇਦਾਰ ਖੋ ਦਵੇਗਾ।

ਸਾਡਾ ਨਟਖਟ ਛੋਟਾ ਮੁੰਡਾ ਹੁਣ ਪੂਰੀ ਤਰ੍ਹਾਂ ਸਿਹਤਮੰਦ ਹੈ ਅਤੇ ਇੱਕ ਆਮ ਚਾਰ ਸਾਲ ਦੇ ਮੁੰਡੇ ਦੀ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ। ਅਸੀਂ ਅਤੇ ਸਾਡੇ ਪਰਿਵਾਰ ਤੁਹਾਡਾ ਬਹੁਤ ਧੰਨਵਾਦੀ ਹਾਂ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਚਿੱਠੀ ਤੁਹਾਨੂੰ ਤੁਹਾਡੇ ਸੋਗ ਦੇ ਸਮੇਂ ਕੁੱਝ ਰਾਹਤ ਦਵੇਗੀ। ਤੁਸੀਂ ਨਾ ਸਿਰਫ ਸਾਡੇ ਮੁੰਡੇ ਦੀ ਜਾਨ ਬਚਾਈ, ਬਲਕਿ ਤੁਸੀਂ ਇੱਕ ਭਰਾ, ਪੋਤੇ, ਕਜ਼ਿਨ ਅਤੇ ਭਤੀਜੇ ਨੂੰ ਵੀ ਬੱਚਾਇਆ।

ਪਿਆਰੇ ਦਾਨੀ ਪਰਿਵਾਰ,

ਮੈਂ ਇੱਕ ਮਾਂ ਹਾਂ ਅਤੇ ਕਰੀਬ ਅਠਾਰਾਂ ਮਹੀਨੇ ਪਹਿਲਾਂ ਮੈਨੂੰ ਅਹਿਸਾਸ ਹੋਇਆ ਕਿ ਮੇਰੀ ਅੱਖਾਂ ਦੀ ਰੋਸ਼ਨੀ ਘੱਟ ਹੁੰਦੀ ਜਾ ਰਹੀ ਸੀ। ਕ੍ਰਿਸਮਸ ਤੋਂ ਕੁੱਝ ਪਹਿਲਾਂ, ਮੈਂ ਇੱਕ ਦਿਨ ਉੱਠੀ ਤਾਂ ਮੈਨੂੰ ਬਹੁਤ ਧੁੰਧਲਾ ਅਤੇ ਅਸੱਪਸ਼ਟ ਵਿਖਾਈ ਦੇ ਰਿਹਾ ਸੀ ਜੋ ਅਹਿਸਾਸ ਬਹੁਤ ਡਰਾਉਣ ਵਾਲਾ ਸੀ। ਮੈਂ ਆਪਣੇ ਜੀ.ਪੀ. ਨੂੰ ਫੋਨ ਕੀਤਾ ਜਿਸਨੇ ਮੈਨੂੰ ਸਿੱਧੇ ਇੱਕ ਅੱਖਾਂ ਦੇ ਮਾਹਿਰ ਡਾਕਟਰ ਕੋਲ ਭੇਜਿਆ ਜਿਸਨੇ Fuchs Dystrophy ਸਿੰਡ੍ਰੋਮ ਦਾ ਨਿਦਾਨ ਕੀਤਾ, ਇੱਕ ਜੈਨੇਟਿਕ ਅੱਖਾਂ ਦੀ ਬੀਮਾਰੀ ਜਿਸਦੇ ਲਈ ਦੋਹਾਂ ਅੱਖਾਂ ਦੇ ਕੌਰਨੀਆ ਟ੍ਰਾਂਸਪਲਾਂਟ ਦੀ ਲੋੜ ਸੀ। ਜਦੋਂ ਮੈਂ ਪਿੱਛੇ ਮੁੜ ਕੇ ਵੇਖਦੀ ਹਾਂ, ਤਾਂ ਮੇਰੀ ਨਜ਼ਰ ਬਹੁਤ ਹੌਲੇ-ਹੌਲੇ ਘੱਟ ਹੋ ਰਹੀ ਸੀ ਅਤੇ ਮੈਨੂੰ ਯਾਦ ਹੈ ਕਿ ਮੈਂ ਆਪਣੀ ਕੁੜੀ ਨੂੰ ਕਿਤਾਬ ਪੜ੍ਹ ਕੇ ਸੁਣਾਉਣ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਮੈਨੂੰ ਬੜੀ ਔਖ ਹੋ ਰਹੀ ਸੀ, ਮੈਨੂੰ ਇੱਕ ਟਾਰਚ ਫੜ ਕੇ ਰੱਖਣੀ ਪੈ ਰਹੀ ਸੀ ਤਾਂਜੋ ਮੈਂ ਉਸਨੂੰ ਪੜ੍ਹ ਕੇ ਸੁਣਾ ਸਕਾਂ। ਮੇਰੇ ਪਿਤਾਜੀ ਨੂੰ ਵੀ ਇਹੀ ਬੀਮਾਰੀ ਸੀ ਅਤੇ ਉਨ੍ਹਾਂ ਦੇ ਕੌਰਨੀਆ ਦਾ ਟ੍ਰਾਂਸਪਲਾਂਟ ਹੋਇਆ ਸੀ, ਇਸਲਈ ਮੈਨੂੰ ਕਾਰਜਵਿਧੀ ਬਾਰੇ ਕੁੱਝ ਜਾਣਕਾਰੀ ਸੀ, ਪਰ ਫਿਰ ਵੀ ਮੈਂ ਬਹੁਤ ਪਰੇਸ਼ਾਨ ਅਤੇ ਡਰੀ ਹੋਈ ਸੀ। ਉਡੀਕ ਸੂਚੀ ਵਿੱਚ ਹੋਣ ਦੇ ਚਾਰ ਮਹੀਨੇ ਬਾਅਦ ਹੀ ਮੈਨੂੰ ਫੋਨ ਆਇਆ, ਅਤੇ ਹਾਲਾਂਕਿ ਮੈਂ ਡਰੀ ਹੋਈ ਸੀ ਪਰ ਮੈਨੂੰ ਇਹ ਉਮੀਦ ਸੀ ਕਿ ਇੱਕ ਦਿਨ ਮੈਂ ਦੋਬਾਰਾ ਦੇਖ ਸਕਾਂਗੀ ਅਤੇ ਆਪਣੀ ਕੁੜੀ ਨੂੰ ਕਿਤਾਬ ਪੜਹ ਕੇ ਸੁਣਾ ਸਕਾਂਗੀ।

ਮੇਰੇ ਕੌਰਨੀਆ ਟ੍ਰਾਂਸਪਲਾਂਟ ਨੂੰ ਹੁਣ ਦੱਸ ਮਹੀਨੇ ਹੋ ਚੁੱਕੇ ਹਨ ਅਤੇ ਇੱਕ ਵੀ ਦਿਨ ਅਜਿਹਾ ਨਹੀਂ ਗਿਆ ਹੈ ਜਦੋਂ ਮੈਂ ਆਪਣੇ ਦਾਨੀ ਬਾਰੇ ਨਾ ਸੋਚਿਆ ਹੋਵੇ ਅਤੇ ਉਸਦਾ ਧੰਨਵਾਦ ਨਾ ਕੀਤਾ ਹੋਵੇ, ਜਿਸਨੇ ਮੈਨੂੰ ਅੱਖਾਂ ਦੀ ਰੋਸ਼ਨੀ ਦਿੱਤੀ। ਜੇ ਪਰਿਵਾਰ ਨੇ ਦਾਨ ਨਾ ਕਰਨ ਦੀ ਚੋਣ ਕੀਤੀ ਹੁੰਦੀ, ਤਾਂ ਮੈਂ ਤੁਹਾਨੂੰ ਆਪਣੇ ਵਿਚਾਰ ਨਾ ਦੱਸ ਪਾਉਂਦੀ ਅਤੇ ਜੋ ਹੋਇਆ ਉਸਦੇ ਲਈ ਧੰਨਵਾਦ ਨਾ ਕਰ ਪਾਉਂਦੀ।

ਹੁਣ ਮੈਂ ਆਪਣੀ ਛੇ ਸਾਲ ਦੀ ਕੁੜੀ ਨੂੰ ਕਿਤਾਬ ਪੜ ਕੇ ਸੁਣਾ ਸਕਦੀ ਹਾਂ ਅਤੇ ਪੜ੍ਹਣ ਵਿੱਚ ਉਸਦੀ ਮਦਦ ਕਰ ਸਕਦੀ ਹਾਂ। ਪਿੱਛਲੇ ਹਫਤੇ ਮੈਂ ਪਹਿਲੀ ਵਾਰ ਉਸਦੇ ਨੱਕ ਤੇ ਝਾਇਆਂ ਪਈਆਂ ਵੇਖਿਆਂ। ਮੈਂ ਦੱਸ ਨਹੀਂ ਸਕਦੀ ਕਿ ਇਹ ਛੋਟੇ ਤਜਰਬੇ ਕਿੰਨੇ ਅਦਭੁਤ ਹਨ।

ਇਸ ਪਰਿਵਾਰ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਲਈ ਜੋ ਪਿਆਰ ਅਤੇ ਧੰਨਵਾਦ ਦੀ ਭਾਵਨਾ ਮੈਂ ਮਹਿਸੂਸ ਕਰਦੀ ਹਾਂ, ਉਸਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਉਦਾਰਤਾ ਅਤੇ ਨਿਰਸਵਾਰਥ ਪਿਆਰ ਨੇ ਮੈਨੂੰ ਆਪਣੀ ਕੁੜੀ ਨੂੰ ਵੇਖ ਪਾਉਣ ਦੀ ਸਮਰਥਾ ਦਿੱਤੀ ਹੈ। ਮੈਂ ਉਨ੍ਹਾਂ ਦਾ ਜਿੰਨਾ ਵੀ ਧੰਨਵਾਦ ਕਰਾਂ, ਘੱਟ ਹੈ, ਉਹ ਬਸ ਇਹ ਜਾਣ ਲੈਣ ਕਿ ਉਨ੍ਹਾਂ ਨੇ ਇਸ ਸਭ ਵਿੱਚ ਮੈਨੂੰ ਇਸ ਦੁਨੀਆ ਦੀ ਸਭ ਤੋਂ ਖੁਸ਼ ਮਾਂ ਬਣਾਇਆ ਹੈ। ਦਾਨ ਦੇ ਬਿਨਾਂ, ਮੈਂ ਇਹ ਚਿੱਠੀ ਲਿਖਣ ਯੋਗ ਨਾ ਬਣ ਪਾਉਂਦੀ।

ਤਹੇ-ਦਿਲੋਂ ਤੁਹਾਡਾ ਧੰਨਵਾਦ। ਮੈਨੂੰ ਅੱਖਾਂ ਦਾ ਤੋਹਫਾ ਦੇਣ ਲਈ ਤੁਹਾਡਾ ਧੰਨਵਾਦ। ਹਾਲਾਂਕਿ ਅਸੀਂ ਸ਼ਾਇਦ ਕਦੇ ਮਿਲ ਨਹੀਂ ਸਕਾਂਗੇ, ਇਹ ਪਰਿਵਾਰ ਹਮੇਸ਼ਾ ਮੇਰੀ ਸੋਚ ਅਤੇ ਅਰਦਾਸਾਂ ਵਿੱਚ ਹੋਵੇਗਾ...ਧੰਨਵਾਦ!

# ਦਾਨੀ ਮਾਤਾ ਦੇ ਸ਼ਬਦ

**ਪਿਆਰੇ ਪ੍ਰਾਪਤਕਰਤਾ,**

ਆਪਣੇ ਕੰਮ ਕਰਕੇ ਮੈਂ ਲੰਬੀ-ਲੰਬੀ ਦੂਰੀ ਦੇ ਸਫਰ ਤੈਅ ਕਰਦੀ ਹਾਂ, ਜਿਸਨਾਲ ਮੈਨੂੰ ਚਿੰਤਨ ਕਰਨ ਲਈ ਲੋੜੀਂਦਾ ਸਮਾਂ ਮਿਲਦਾ ਹੈ। ਕਲ ਰਾਤ ਘਰ ਆਉਣ ਸਮੇਂ ਮੈਂ ਇਹ ਸੋਚ-ਵਿਚਾਰ ਕਰ ਰਹੀ ਸੀ ਕਿ ਸਾਡੇ ਇੱਕ ਰਿਸ਼ਤੇਦਾਰ ਦੇ ਅੰਗ-ਪ੍ਰਾਪਤ ਕਰਨ ਵਾਲੇ ਲੋਕ ਕਿਹੋ ਜਿਹਾ ਜੀਵਨ ਬਤੀਤ ਕਰ ਰਹੇ ਹੋਣਗੇ। ਮੈਨੂੰ ਤੁਹਾਡੀ ਚਿੱਠੀ ਮਿਲਣ ਤੇ ਜੋ ਖੁਸ਼ੀ ਹੋਈ ਉਸਦੀ ਕਲਪਨਾ ਕਰੋ। ਤੁਹਾਡਾ ਭਵਿੱਖ ਉੱਜਵਲ ਹੋਵੇ ਇਹ ਕਾਮਨਾ ਕਰਦੇ ਹੋਏ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ।

ਮੈਂ ਇਹ ਸੋਚਣਾ ਚਾਹਾਂਗੀ ਕਿ ਮੇਰੀ ਬੱਚੇ ਦੀ ਰੂਹ ਦਾ ਇੱਕ ਭਾਗ ਤੁਹਾਡੇ ਨਾਲ ਜੀ ਰਿਹਾ ਹੈ। ਦਾਨੀ ਸੱਚ ਵਿੱਚ ਇੱਕ ਬਹੁਤ ਪਿਆਰਾ ਵਿਅਕਤੀ ਸੀ; ਬਹੁਤ ਦੇਖਰੇਖ ਕਰਨ ਵਾਲਾ, ਉਹ ਛੇਤੀ ਲੋਕਾਂ ਨੂੰ ਦੋਸਤ ਬਣਾ ਲੈਂਦਾ ਸੀ, ਉਦਾਰ ਸੁਭਾਅ ਦਾ ਸੀ, ਅਤੇ ਇੱਕ ਚੰਗਾ ਖਿਡਾਰੀ ਸੀ ਜਿਸਨੂੰ ਬਾਹਰ ਕੁੱਝ ਵੀ ਕਰਨਾ ਵਧੀਆ ਲਗਦਾ ਸੀ। ਭਾਵੇਂ ਉਸਦੇ ਅਚਾਨਕ ਚੱਲੇ ਜਾਣ ਦਾ ਸਾਨੂੰ ਬਹੁਤ ਦੁਖ ਹੈ, ਪਰ ਉਸਦੀਆਂ ਯਾਦਾਂ ਬਹੁਤ ਮਿੱਠੀਆਂ ਹਨ।

ਕੀ ਮੈਂ ਇੱਕ ਬਿਨਤੀ ਕਰ ਸਕਦੀ ਹਾਂ? ਬਸ ਇਹ ਕਿ ਤੁਸੀਂ ਆਪਣੇ ਪਰਿਵਾਰ ਅਤੇ ਕਰੀਬੀ ਦੋਸਤਾਂ-ਮਿੱਤਰਾਂ ਨੂੰ ਇਹ ਦੱਸੋ ਕਿ ਤੁਸੀਂ ਉਨ੍ਹਾਂ ਨੂੰ ਪਿਆਰ ਕਰਦੇ ਹੋ। ਮੈਂ ਖੁਸ਼ਨਸੀਬ ਸੀ ਕਿ ਮੈਨੂੰ ਇੱਕ ਖਾਸ ਪਲ ਦੌਰਾਨ 'ਮਾਂ, ਮੈਂ ਤੁਹਾਡੇ ਨਾਲ ਪਿਆਰ ਕਰਦਾ ਹਾਂ' ਸੁਣਨ ਨੂੰ ਮਿਲਿਆ ਸੀ, ਕੁੱਝ ਹੀ ਸਮਾਂ ਪਹਿਲਾਂ ਅਤੇ ਉਹ ਵੀ ਇੱਕਦਮ ਅਤੇ ਇਹ ਸਭ ਤੋਂ ਬਹੁਮੁੱਲੀ ਯਾਦ ਹੈ।

ਆਪਣਾ ਖਿਆਲ ਰੱਖੋ ਅਤੇ ਰੱਬ ਰਾਖਾ।





# ਸੰਪਰਕ

### DonateLife ACT

Canberra Hospital
Building 6, Level 1Yamba Drive,
Garran ACT 2605

ਟੈਲੀਫੋਨ (02) 5124 5625
ਫੈਕਸ (02) 5124 2405
ਈਮੇਲ Organ.Donation@act.gov.au

### DonateLife NSW

Level 6, 4 Belgrave Street
Kogarah NSW 2217

ਟੈਲੀਫੋਨ (02) 8566 1700
ਫੈਕਸ (02) 8566 1755
ਈਮੇਲ seslhd-nsworgandonation
@health.nsw.gov.au

### DonateLife NT

First Floor, Royal Darwin Hospital
Rocklands Drive
Tiwi NT 0810

ਟ੍ਰੈਲੀਫੋਨ 08 8922 8349
ਫੈਕਸ 08 8944 8096
ਈਮੇਲ donatelife@nt.gov.au

### DonateLife QLD

Building 1, Level 4
Princess Alexandra Hospital
199 Ipswich Road
Woolloongabba QLD 4102

ਟੈਲੀਫੋਨ 07 3176 2350
ਫੈਕਸ 07 3176 2999
ਈਮੇਲ donatelife@health.qld.gov.au

### DonateLife SA

Ground Floor, Allianz Centre
55 Currie Street
Adelaide SA 5000

ਟੈਲੀਫੋਨ 08 8207 7117
ਫੈਕਸ 08 8207 7102
ਈਮੇਲ donatelifesa@sa.gov.au

### DonateLife TAS

Hobart Corporate Centre
Level 3, 85 Macquarie Street
Hobart TAS 7000

ਟੈਲੀਫੋਨ 03 6270 2209
ਫੈਕਸ 03 6270 2223
ਈਮੇਲ donatelife.tasmania
@ths.tas.gov.au

### DonateLife VIC

Level 2, 19–21 Argyle Place South
Carlton VIC 3053

ਟੈਲੀਫੋਨ (03) 8317 7400
Inquiry Line: 1300 133 050
ਫੈਕਸ (03) 9349 2730
ਈਮੇਲ donatelife@redcrossblood.org.au

### DonateLife WA

PO Box 332
Northbridge WA 6865

ਟੈਲੀਫੋਨ 08 9222 0222
ਫੈਕਸ 08 9222 0220
ਈਮੇਲ donatelife@health.wa.gov.au

ਅਤਿਰਿਕਤ ਸਮਰਥਨ ਬਾਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਆਪਣੇ ਸੂਬੇ ਜਾਂ ਟੇਰੇਟਰੀ ਵਿੱਚ
DonateLife Agency ਰਾਹੀਂ ਉਪਲਬਧ ਸਲਾਹਕਾਰੀ ਸਮਰਥਨ ਸੇਵਾਵਾਂ ਦੀ ਕਿਤਾਬ ਦਾ ਹਵਾਲਾ ਲਓ।



ਤੀਜਾ ਸੈਕਸ਼ਨ

# ਦਾਨ (ਡੋਨੇਸ਼ਨ)


ਦਾਨ 28

ਅੰਗ ਅਤੇ ਟਿਸ਼ੂ ਦਾਨ ਦੇ ਰਸਤੇ 29

ਦਿਮਾਗੀ ਮੌਤ 30

ਸੰਚਾਰੀ ਮੌਤ 33

ਦਾਨ ਬਾਰੇ ਸੂਚਨਾ ਅਤੇ ਆਮ ਸਵਾਲ 35

ਟ੍ਰਾਂਸਪਲਾਂਟੇਸ਼ਨ ਬਾਰੇ ਸੂਚਨਾ ਅਤੇ ਆਮ ਸਵਾਲ 38

ਪ੍ਰਵਾਨਗੀਆਂ 41

# ਦਾਨ

ਦਾਨ ਪ੍ਰਕ੍ਰਿਆ ਦੌਰਾਨ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਬਹੁਤ ਤਣਾਅਪੂਰਣ ਅਤੇ ਭਾਵਨਾਤਮਕ ਸਮੇਂ ਦੌਰਾਨ ਬਹੁਤ ਸਾਰੀ ਜਾਣਕਾਰੀ ਮਿਲੀ ਹੋਵੇਗੀ। ਸਮਾਂ ਬਤੀਤ ਹੋਣ ਦੇ ਨਾਲ-ਨਾਲ, ਲੋਕ ਅਕਸਰ ਵਧੇਰੀ ਸਪੱਸ਼ਟਤਾ ਨਾਲ ਘਟਨਾਵਾਂ ਨੂੰ ਯਾਦ ਰੱਖਣਾ ਸ਼ੁਰੂ ਕਰ ਦਿੰਦੇ ਹਨ ਅਤੇ ਹੋ ਸਕਦਾ ਹੈ ਕਿ ਉਹ ਵਧੇਰੀ ਜਾਣਕਾਰੀ ਪ੍ਰਾਪਤ ਕਰਨਾ ਚਾਹੁਣ ਜਾਂ ਵਾਪਰੀ ਪ੍ਰਕ੍ਰਿਆ ਨੂੰ ਲੈ ਕੇ ਸਿਰਫ ਆਪਣੀ ਸਮਝਬੂਝ ਦੀ ਪੁਸ਼ਟਰੀ ਕਰਨ। ਹੇਠਾਂ ਦਿੱਤੇ ਸਫੇ ਦਾਨ ਬਾਰੇ ਜਾਣਕਾਰੀ ਦਿੰਦੇ ਹਨ ਅਤੇ ਪਰਿਵਾਰਾਂ ਅਤੇ ਦੋਸਤਾਂ ਦੁਆਰਾ ਪੁੱਛੇ ਜਾਣ ਵਾਲੇ ਆਮ ਸਵਾਲਾਂ ਦਾ ਜਵਾਬ ਦਿੰਦੇ ਹਨ।

# ਅੰਗ ਅਤੇ ਟਿਸ਼ੂ ਦਾਨ ਦੇ ਰਸਤੇ

## ਦਾਨ ਦਾ ਵੇਰਵਾ ਸਭ ਤੋਂ ਆਸਾਨ ਤਰੀਕੇ ਨਾਲ ਉਨ੍ਹਾਂ ਦੋ ਰਸਤਿਆਂ ਦਾ ਵੇਰਵਾ ਕਰਕੇ ਕੀਤਾ ਜਾ ਸਕਦਾ ਹੈ ਜਿਨ੍ਹਾਂ ਨਾਲ ਮੌਤ ਦੇ ਬਾਅਦ ਅੰਗ ਅਤੇ ਟਿਸ਼ੂ ਦਾਨ ਕਰਨਾ ਸੰਭਵ ਹੈ।

ਦਾਨ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਦਾਨੀ ਦਾ ਦਿਹਾਂਤ ਹੋ ਚੁੱਕਾ ਹੋਵੇ। ਮੌਤ ਦਾ ਨਿਰਧਾਰਨ ਦੋ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ:

- **ਦਿਮਾਗੀ ਮੌਤ** ਉਸ ਪਰਿਸਥਿਤੀ ਵਿੱਚ ਹੁੰਦੀ ਹੈ ਜਦੋਂ ਵਿਅਕਤੀ ਦਾ ਦਿਮਾਗ ਪੱਕੇ ਤੌਰ 'ਤੇ ਕੰਮ ਕਰਨਾ ਬੰਦਾ ਕਰ ਦਿੰਦਾ ਹੈ।
- **ਸੰਚਾਰੀ ਮੌਤ** ਉਸ ਪਰਿਸਥਿਤੀ ਵਿੱਚ ਹੁੰਦੀ ਹੈ ਜਦੋਂ ਵਿਅਕਤੀ ਵਿੱਚ ਖੂਨ ਦਾ ਸੰਚਾਰ ਪੱਕੇ ਤੌਰ 'ਤੇ ਬੰਦ ਹੋ ਜਾਂਦਾ ਹੈ।

ਦਿਮਾਗੀ ਮੌਤ ਅਤੇ ਸੰਚਾਰੀ ਮੌਤ ਵਿੱਚਕਾਰ ਫਰਕ ਸਮਝਣਾ ਮਹਤਵਪੂਰਣ ਹੈ। ਜਿਸ ਤਰੀਕੇ ਨਾਲ ਵਿਅਕਤੀ ਦੀ ਮੌਤ ਹੁੰਦੀ ਹੈ, ਉਸ ਇਹ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਦਾਨ ਪ੍ਰਕ੍ਰਿਆ ਕਿਵੇਂ ਹੁੰਦੀ ਹੈ ਅਤੇ ਕਿਹੜੇ-ਕਿਹੜੇ ਅੰਗ ਅਤੇ ਟਿਸ਼ੂ ਦਾਨ ਕੀਤੇ ਜਾ ਸਕਦੇ ਹਨ।

# ਦਿਮਾਗੀ ਮੌਤ

## ਦਿਮਾਗੀ ਮੌਤ ਕੀ ਹੁੰਦੀ ਹੈ?

ਦਿਮਾਗੀ ਮੌਤ ਉਸ ਪਰਿਸਥਿਤੀ ਵਿੱਚ ਹੁੰਦੀ ਜਦੋਂ ਦਿਮਾਗ ਨੂੰ ਇੰਨੀ ਬੁਰੀ ਤਰ੍ਹਾਂ ਸੱਟ ਪਹੁੰਚੀ ਹੋਵੇ ਕਿ ਉਹ ਪੂਰੀ ਤਰ੍ਹਾਂ ਅਤੇ ਪੱਕੇ ਤੌਰ 'ਤੇ ਕੰਮ ਕਰਨਾ ਬੰਦ ਕਰ ਦਵੇ। ਇਹ ਸਿਰ ਤੇ ਲਗੀ ਗੰਭੀਰ ਸੱਟ, ਦਿਮਾਗ ਵਿੱਚ ਖੂਨ ਵੱਗਣ ਜਾਂ ਖੂਨ ਦਾ ਵਹਾਅ ਰੁਕਨ ਕਰਕੇ ਸਟ੍ਰੋਕ ਹੋਣ ਨਾਲ, ਦਿਮਾਗੀ ਲਾਗ ਜਾਂ ਟਯੂਮਰ ਨਾਲ, ਜਾਂ ਦਿਮਾਗ ਵਿੱਚ ਆਕਸੀਜਨ ਦੀ ਲੰਬੀ ਮਿਆਦ ਤਕ ਕਮੀ ਹੋਣ ਬਾਅਦ ਹੋ ਸਕਦੀ ਹੈ।

ਸ਼ਰੀਰ ਦੇ ਕਿਸੇ ਹੋਰ ਅੰਗ ਦੀ ਤਰ੍ਹਾਂ ਹੀ ਜਦੋਂ ਦਿਮਾਗ ਤੇ ਸੱਟ ਲਗਦੀ ਹੈ ਤਾਂ ਇਸ ਵਿੱਚ ਸੋਜ ਪੈ ਜਾਂਦੀ ਹੈ। ਦਿਮਾਗ ਇੱਕ ਸਖਤ 'ਬਕਸੇ', ਖੋਪੜੀ, ਦੇ ਅੰਦਰ ਹੁੰਦਾ ਹੈ, ਜੋ ਇਸਨੂੰ ਆਮ-ਤੌਰ 'ਤੇ ਨੁਕਸਾਨ ਤੋਂ ਬਚਾਉਂਦਾ ਹੈ ਪਰ ਇਹ ਵੀ ਸੀਮਿਤ ਕਰਦਾ ਹੈ ਕਿ ਦਿਮਾਗ ਕਿੰਨਾ ਵਿਸਤਾਰ ਕਰ ਸਕਦਾ ਹੈ। ਇਹ ਸ਼ਰੀਰ ਦੇ ਹੋਰ ਅੰਗਾਂ ਤੋਂ ਵੱਖ ਹੈ, ਜਿਵੇਂ ਕਿ ਸੱਟ ਲਗਾ ਗਿੱਟਾ ਜੋ ਬਿਨਾਂ ਕਿਸੇ ਸੀਮਾ ਦੇ ਸੂਜਣਾ ਜਾਰੀ ਰੱਖ ਸਕਦਾ ਹੈ। ਜੇ ਦਿਮਾਗ ਦਾ ਸੁੱਜਣਾ ਜਾਰੀ ਰਹਿੰਦਾ ਹੈ, ਤਾਂ ਖੋਪੜੀ ਵਿੱਚ ਦਬਾਓ ਵੱਧਦਾ ਜਾਂਦਾ ਹੈ ਜਿਸਨਾਲ ਪੱਕੇ ਤੌਰ 'ਤੇ ਨੁਕਸਾਨਦਾਇਕ ਅਸਰ ਹੁੰਦੇ ਹਨ।

ਸੋਜ ਨਾਲ ਬ੍ਰੇਨ ਸਟੇਮ ਤੇ ਦਬਾਓ ਪੈਂਦਾ ਹੈ, ਇਹ ਉਹ ਭਾਗ ਹੁੰਦਾ ਹੈ ਜਿੱਥੇ ਦਿਮਾਗ ਗਰਦਨ ਦੇ ਪਿੱਛੇ ਰੀੜ੍ਹ ਦੀ ਹੱਡੀ ਨਾਲ ਜੁੜਦਾ ਹੈ। ਬ੍ਰੇਨ ਸਟੇਮ ਕਈ ਕੰਮਾਂ ਨੂੰ ਨਿਯੰਤਰਿਤ ਕਰਦਾ ਹੈ ਜੋ ਜੀਵਨ ਲਈ ਲਾਜ਼ਮੀ ਹੁੰਦੇ ਹਨ ਜਿਵੇਂ ਕਿ ਸਾਹ ਲੈਣਾ, ਦਿਲ ਦੀ ਧੜਕਨ, ਬਲਡ ਪ੍ਰੈਸ਼ਰ ਅਤੇ ਸ਼ਰੀਰ ਦਾ ਤਾਪਮਾਨ।

ਜਿਵੇਂ-ਜਿਵੇਂ ਦਿਮਾਗ ਵਿੱਚ ਸੋਜ ਵੱਧਦੀ ਹੈ, ਖੋਪੜੀ ਦੇ ਅੰਦਰ ਦਬਾਓ ਇੰਨਾ ਵੱਧ ਜਾਂਦਾ ਹੈ ਕਿ ਦਿਮਾਗ ਵਿੱਚ ਖੂਨ ਦਾ ਵਹਾਅ ਨਹੀਂ ਹੋ ਪਾਂਦਾ ਹੈ। ਖੂਨ ਅਤੇ ਆਕਸੀਜਨ ਦੇ ਬਿਨਾਂ, ਦਿਮਾਗ ਦੀਆਂ ਕੋਸ਼ਿਕਾਵਾਂ ਮਰ ਜਾਂਦੀਆਂ ਹਨ। ਸ਼ਰੀਰ ਵਿੱਚ ਹੋਰ ਕੋਸ਼ਿਕਾਵਾਂ ਦੀ ਤਰ੍ਹਾਂ ਹੀ, ਦਿਮਾਗ ਦੀਆਂ ਕੋਸ਼ਿਕਾਵਾਂ ਦੋਬਾਰਾ ਵਿਕਾਸ ਜਾਂ ਰਿਕਵਰ ਨਹੀਂ ਕਰ ਸਕਦੀਆਂ ਹਨ। ਜੇਕਰ ਦਿਮਾਗ ਦੀ ਮੌਤ ਹੋ ਜਾਂਦੀ ਹੈ, ਤਾਂ ਵਿਅਕਤੀ ਦਾ ਦਿਮਾਗ ਦੋਬਾਰਾ ਕਦੇ ਵੀ ਕੰਮ ਨਹੀਂ ਕਰੇਗਾ, ਅਤੇ ਵਿਅਕਤੀ ਦੀ ਮੌਤ ਹੋ ਚੁੱਕੀ ਹੁੰਦੀ ਹੈ। ਇਸਨੂੰ "ਦਿਮਾਗੀ ਮੌਤ' ਕਹਿੰਦੇ ਹਨ।

ਦਿਮਾਗ ਅਤੇ ਬ੍ਰੇਨ ਸਟੇਮ ਸ਼ਰੀਰ ਦੇ ਜ਼ਰੂਰੀ ਕੰਮਾਂ ਨੂੰ ਨਿਯੰਤਰਿਤ ਕਰਦੇ ਹਨ, ਇਸ ਵਿੱਚ ਸਾਹ ਲੈਣਾ ਸ਼ਾਮਿਲ ਹੈ। ਜਦੋਂ ਕਿਸੇ ਵਿਅਕਤੀ ਦੇ ਦਿਮਾਗ ਤੇ ਸੱਟ ਲਗਦੀ ਹੈ, ਤਾਂ ਉਸਨੂੰ ਵੇਂਟੀਲੇਟਰ ਕਹਿ ਜਾਣ ਵਾਲੀ ਮਸ਼ੀਨ ਤੇ ਰੱਖਿਆ ਜਾਂਦਾ ਹੈ, ਜੋ ਮਸ਼ੀਨ ਰਾਹੀਂ ਫੇਫੜਿਆਂ ਤਕ ਆਕਸੀਜਨ ਪਹੁੰਚਾਉਂਦੀ ਹੈ (ਵੈਂਟੀਲੇਸ਼ਨ)। ਇਸਦੇ ਬਾਅਦ ਦਿਲ ਪੂਰੇ ਸ਼ਰੀਰ ਵਿੱਚ ਆਕਸੀਜਨ ਪਹੁੰਚਾਦਾ ਹੈ। ਦਿਲ ਦੀ ਧੜਕਨ ਦਿਮਾਗ ਤੇ ਨਿਰਭਰ ਨਹੀਂ ਕਰਦੀ ਹੈ, ਪਰ ਇਹ ਦਿਲ ਵਿੱਚ ਮੌਜੂਦ ਇੱਕ ਕੁਦਰਤੀ ਪੈਸਮੇਕਰ ਦੁਆਰਾ ਨਿਯੰਤਰਿਤ ਹੁੰਦੀ ਹੈ ਜੋ ਆਕਸੀਜਨ ਮਿਲਣ ਤੇ ਕੰਮ ਕਰਦਾ ਹੈ।

ਜਦੋਂ ਵੈਂਟੀਲੇਟਰ ਸ਼ਰੀਰ ਨੂੰ ਆਕਸੀਜਨ ਦੇ ਰਿਹਾ ਹੁੰਦਾ ਹੈ, ਤਾਂ ਵਿਅਕਤੀ ਦੇ ਸੀਨੇ ਦਾ ਉੱਤੇ ਉੱਠਣਾ ਅਤੇ ਥੱਲੇ ਹੋਣਾ ਜਾਰੀ ਰਹੇਗਾ ਜਿਸਨਾਲ ਇਹ ਲਗੇਗਾ ਕਿ ਉਹ ਸਾਹ ਲੈ ਰਿਹਾ ਹੈ, ਉਸਦੇ ਦਿਲ ਦਾ ਧੜਕਨਾ ਜਾਰੀ ਰਹੇਗਾ ਅਤੇ ਉਨ੍ਹਾਂ ਨੂੰ ਛੂਣ ਤੇ ਉਹ ਗਰਮ ਲਗਣਗੇ। ਇਸਨਾਲ ਇਹ ਸਵੀਕਾਰ ਕਰਨਾ ਔਖਾ ਹੋ ਸਕਦਾ ਹੈ ਕਿ ਮੌਤ ਹੋ ਗਈ ਹੈ। ਪਰ, ਲਗਾਤਾਰ ਜਾਰੀ ਮਸ਼ੀਨੀ ਵੇਂਟੀਲੈਸ਼ਨ ਦੇ ਨਾਲ ਵੀ, ਦਿਲ ਆਖਿਰਕਾਰ ਹੋਰ ਖਰਾਬ ਹੁੰਦਾ ਜਾਵੇਗਾ ਅਤੇ ਕੰਮ ਕਰਨਾ ਬੰਦ ਕਰ ਦਵੇਗਾ।

## ਡਾਕਟਰਾਂ ਨੂੰ ਇਹ ਕਿਵੇਂ ਪਤਾ ਚਲਦਾ ਹੈ ਕਿ ਵਿਅਕਤੀ ਦੀ ਦਿਮਾਗੀ ਮੌਤ ਹੋ ਚੁੱਕੀ ਹੈ?

ਜੋ ਲੋਕ ਹਸਪਤਾਲ ਵਿੱਚ ਗੰਭੀਰ ਤੌਰ 'ਤੇ ਬੀਮਾਰ ਹੁੰਦੇ ਹਨ ਉਨ੍ਹਾਂ ਤੇ ਮੈਡੀਕਲ ਅਤੇ ਨਰਸਿੰਗ ਟੀਮਾਂ ਲਗਾਤਾਰ ਨਜ਼ਰ ਰੱਖਦੀਆਂ ਹਨ ਅਤੇ ਉਨ੍ਹਾਂ ਦੀ ਦੇਖਰੇਖ ਕਰਦੀਆਂ ਹਨ ਅਤੇ ਉਨ੍ਹਾਂ ਦੀ ਸਥਿਤੀ ਵਿੱਚ ਤਬਦੀਲੀਆਂ ਲਈ ਉਨ੍ਹਾਂ ਦੀ ਕਰੀਬੀ ਨਾਲ ਨਿਗਰਾਨੀ ਕਰਨਾ ਜਾਰੀ ਰੱਖਦੀਆਂ ਹਨ। ਦਿਮਾਗੀ ਮੌਤ ਹੋਣ ਤੇ ਕਈ ਸ਼ਰੀਰਕ ਬਦਲਾਓ ਹੁੰਦੇ ਹਨ। ਇਨ੍ਹਾਂ ਵਿੱਚ ਸ਼ਾਮਿਲ ਹਨ: ਰੋਸ਼ਨੀ ਪੈਣ ਤੇ ਅੱਖਾਂ ਦੀਆਂ ਪੁਤਲੀਆਂ ਦਾ ਆਮ-ਤੌਰ 'ਤੇ ਸਿਕੁੜਣ ਦੀ ਸਥਿਤੀ ਦਾ ਖੋ ਜਾਣਾ, ਖੰਘਣ ਦੀ ਯੋਗਤਾ ਦਾ ਨਾ ਰਹਿਣਾ, ਵੇਂਟੀਲੇਟਰ ਬਿਨਾਂ ਸਾਹ ਲੈਣ ਦੀ ਅਯੋਗਤਾ, ਅਤੇ ਬਲਡ ਪ੍ਰੇਸ਼ਰ ਅਤੇ ਸ਼ਰੀਰ ਦੇ ਤਾਪਮਾਨ ਦਾ ਘੱਟ ਜਾਣਾ।

ਜਦੋਂ ਮੈਡੀਕਲ ਟੀਮ ਇਨ੍ਹਾਂ ਤਬਦੀਲੀਆਂ ਨੂੰ ਵੇਖੇਗੀ ਤਾਂ ਦਿਮਾਗੀ ਮੌਤ ਦੀ ਕਲੀਨਿਕਲ ਜਾਂਚ ਕਰੇਗੀ ਤਾਂਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਕੀ ਦਿਮਾਗ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਜਾਂ ਨਹੀਂ।

ਦੋ ਸੀਨਿਅਰ ਡਾਕਟਰ ਉੱਥੋ ਹਸਪਤਾਲ ਵਿੱਚ ਉਹੀ ਕਲੀਨਿਕਲ ਜਾਂਚ ਸੁਤੰਤਰ ਤੌਰ 'ਤੇ ਕਰਨਗੇ। ਦਿਮਾਗੀ ਮੌਤ ਦੀ ਜਾਂਚ ਕਰਨ ਵਾਲੇ ਡਾਕਟਰ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਨਗੇ ਕਿ ਕੀ:

- ਵਿਅਕਤੀ ਕਿਸੇ ਦਰਦ ਵਾਲੀ ਉਤੇਜਨਾ 'ਤੇ ਪ੍ਰਤੀਕ੍ਰਿਆ ਕਰਦਾ ਹੈ
- ਵਿਅਕਤੀ ਦੀਆਂ ਅੱਖਾਂ ਵਿੱਚ ਚਮਕਦਾਰ ਰੋਸ਼ਨੀ ਪਾਏ ਜਾਣ ਨਾਲ ਅੱਖਾਂ ਦੀਆਂ ਪੁਤਲੀਆਂ ਸਿਕੁੜ ਜਾਂਦੀਆਂ ਹਨ
- ਵਿਅਕਤੀ ਦੀਆਂ ਅੱਖਾਂ ਛੂਹਣ ਨਾਲ ਪਲਕਾਂ ਦੇ ਝਪਕਣ ਦੀ ਪ੍ਰਤੀਕ੍ਰਿਆ ਹੁੰਦੀ ਹੈ।
- ਵਿਅਕਤੀ ਦੀਆਂ ਅੱਖਾਂ ਵਿੱਚ ਕੋਈ ਹੱਲਚਲ ਹੁੰਦੀ ਹੈ ਜਦੋਂ ਕੰਨਾਂ ਵਿੱਚ ਬਰਫ ਵਾਲਾ ਠੰਢਾ ਪਾਣੀ ਪਾਇਆ ਜਾਂਦਾ ਹੈ
- ਵਿਅਕਤੀ ਦੇ ਗਲੇ ਦੇ ਪਿੱਛਲੇ ਭਾਗ ਨੂੰ ਛੂਹੇ ਜਾਣ ਤੇ ਕੋਈ ਪ੍ਰਤੀਕ੍ਰਿਆ ਹੁੰਦੀ ਹੈ
- ਵਿਅਕਤੀ ਦੀ ਸਾਹ ਲੈਣ ਵਾਲੀ ਟਯੂਬ ਵਿੱਚ ਜਦੋਂ ਕੋਈ ਸਕਸ਼ਨ ਟਯੂਬ ਪਾਈ ਜਾਂਦੀ ਹੈ ਤਾਂ ਕੀ ਉਹ ਖੰਘਦਾ ਹੈ
- ਜਦੋਂ ਵਿਅਕਤੀ ਤੋਂ ਅਸਥਾਈ ਤੌਰ 'ਤੇ ਵੈਂਟੀਲੇਟਰ ਡਿਸਕਨੇਕਰ ਕਰ ਦਿੱਤਾ ਜਾਂਦਾ ਹੈ ਤਾਂ ਉਸਦੀ ਸਾਹ ਲੈਣ ਦੀ ਕੋਈ ਸਮਰਥਾ ਹੁੰਦੀ ਹੈ।

ਜਦੋਂ ਵਿਅਕਤੀ ਵਿੱਚ ਇਨ੍ਹਾਂ ਜਾਂਚਾਂ ਨਾਲ ਕੋਈ ਪ੍ਰਤੀਕ੍ਰਿਆ ਨਹੀਂ ਆਉਂਦੀ ਹੈ, ਤਾਂ ਇਸਦਾ ਇਹ ਮਤਲਬ ਹੈ ਕਿ ਦਿਮਾਗ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਅਤੇ ਵਿਅਕਤੀ ਦੀ ਮੌਤ ਹੋ ਗਈ ਹੈ। ਭਾਵੇਂ ਉਨ੍ਹਾਂ ਦੀ ਮੌਤ ਹੋ ਗਈ ਹੈ, ਪਰ ਫਿਰ ਵੀ ਦਿਲ ਦਾ ਸਾਹ ਲੈਣਾ ਜਾਰੀ ਰਹੇਗਾ ਕਿਉਂਕਿ ਵੈਂਟੀਲੇਟਰ ਦੀ ਮਦਦ ਨਾਲ ਅੱਜੇ ਵੀ ਆਕਸੀਜਨ ਦਿਲ ਤਕ ਪਹੁੰਚ ਰਹੀ ਹੈ।

ਅਜਿਹੇ ਸਮੇਂ ਵੀ ਹੁੰਦੇ ਹਨ ਜਦੋਂ ਵਿਅਕਤੀ ਦੀ ਸੱਟ ਜਾਂ ਬੀਮਾਰੀ ਦਾ ਮਤਲਬ ਹੈ ਕਿ ਕਲੀਨਿਕਲ ਦਿਮਾਗੀ ਮੌਤ ਦੀ ਟੈਸਟਿੰਗ ਦਾ ਕੰਮ ਪੂਰਾ ਨਹੀਂ ਕੀਤਾ ਜਾ ਸਕਦਾ ਹੈ। ਜਿਵੇਂ ਕਿ, ਚਿਹਰੇ ਦੇ ਲੱਗੀ ਸੱਟ ਕਾਰਨ ਅੱਖਾਂ ਜਾਂ ਕੰਨਾਂ ਦੀ ਜਾਂਚ ਕਰਨੀ ਸੀਮਿਤ ਹੋ ਸਕਦੀ ਹੈ। ਇਨ੍ਹਾਂ ਹਾਲਾਤਾਂ ਵਿੱਚ, ਮੈਡੀਕਲ ਇਮੇਜਿੰਗ ਟੈਸਟ ਕਰਕੇ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਕੀ ਦਿਮਾਗ ਵਿੱਚ ਖੂਨ ਦਾ ਵਹਾਅ ਹੈ ਜਾਂ ਨਹੀਂ (ਸੇਰੇਬਰਲ ਐਂਜਿਓਗ੍ਰਾਮ ਜਾਂ ਸੇਰੇਬਰਲ ਪਰਫਓਜਨ ਸਕੈਨ)। ਜੇਕਰ ਅਜਿਹੇ ਕਿਸੇ ਟੈਸਟ ਦੀ ਲੋੜ ਹੋਵੇਗੀ ਤਾਂ ਹਸਪਤਾਲ ਦੇ ਕਰਮਚਾਰੀਆਂ ਨੇ ਤੁਹਾਨੂੰ ਵਧੇਰੀ ਜਾਣਕਾਰੀ ਦਿੱਤੀ ਹੋਵੇਗੀ

ਮੌਤ ਦੀ ਪੁਸ਼ਟੀ ਹੋਣ ਬਾਅਦ, ਵੈਂਟੀਲੇਟਰ ਹਟਾਏ ਜਾਣ ਸਮੇਤ ਸਿਹਤ ਦੇਖਰੇਖ ਟੀਮ ਦੇ ਮੈਂਬਰ ਅੱਗਲੇ ਪੜਾਵਾਂ ਬਾਰੇ ਵਿਅਕਤੀ ਦੇ ਪਰਿਵਾਰ ਦੇ ਮੈਂਬਰਾਂ ਨਾਲ ਗੱਲਬਾਤ ਕਰਨਗੇ।

ਹਰ ਪਰਿਵਾਰ ਦਾ ਤਜਰਬਾ ਥੋੜਾ ਵੱਖ ਹੁੰਦਾ ਹੈ, ਪਰ ਲਗਭਗ ਇਸ ਸਮੇਂ ਦੌਰਾਨ ਡਾਕਟਰੀ ਟੀਮ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਨਾਲ ਅੰਗ ਅਤੇ ਟਿਸ਼ੂ ਦਾਨ ਦੀ ਸੰਭਾਵਨਾ ਬਾਰੇ ਗੱਲਬਾਤ ਕਰਨਾ ਸ਼ੁਰੂ ਕਰੇਗੀ।

# ਸੰਚਾਰੀ ਮੌਤ

## ਸੰਚਾਰੀ ਮੌਤ ਕੀ ਹੁੰਦੀ ਹੈ?

ਸੰਚਾਰੀ ਮੌਤ ਉਸ ਪਰਿਸਥਿਤੀ ਵਿੱਚ ਹੁੰਦੀ ਹੈ ਜਦੋਂ ਵਿਅਕਤੀ ਸਾਹ ਲੈਣਾ ਬੰਦ ਕਰ ਦਿੰਦਾ ਹੈ ਅਤੇ ਉਸਦੇ ਦਿਲ ਦੀ ਧੜਕਨ ਬੰਦ ਹੋ ਜਾਂਦੀ ਹੈ (ਸ਼ਰੀਰ ਵਿੱਚ ਖ਼ੂਨ ਦਾ ਵਹਾਅ ਨਹੀਂ ਹੁੰਦਾ ਹੈ)। ਅਜਿਹਾ ਅਚਾਨਕ ਹੋਣ ਵਾਲੀ ਬੀਮਾਰੀ ਜਾਂ ਕਿਸੇ ਦੁਰਘਟਨਾ ਦੇ ਬਾਅਦ ਹੋ ਸਕਦਾ ਹੈ, ਜਾਂ ਇਹ ਕਿਸੇ ਲੰਬੀ ਮਿਆਦ ਦੀ ਬੀਮਾਰੀ ਦਾ ਅੰਤਮ ਪੜਾਅ ਹੋ ਸਕਦਾ ਹੈ।

ਅੰਗ ਦਾਨ ਕਦੇ-ਕਦੇ ਸੰਚਾਰੀ ਮੌਤ ਦੇ ਬਾਅਦ ਵੀ ਸੰਭਵ ਹੁੰਦਾ ਹੈ ਹਾਲਾਂਕਿ ਸਿਰਫ ਖਾਸ ਹਾਲਾਤਾਂ ਵਿੱਚ ਹੀ, ਕਿਉਂਕਿ ਅੰਗਾਂ ਨੂੰ ਖ਼ੂਨ ਦਾ ਵਹਾਅ ਹੋਣਾ ਬੰਦ ਹੋਣ ਦੇ ਬਾਅਦ ਇਹ ਤੇਜ਼ੀ ਨਾਲ ਖਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ। ਸਧਾਰਨ ਹਾਲਾਤ ਤਦੋਂ ਹੁੰਦੇ ਹਨ ਜਦੋਂ ਵਿਅਕਤੀ ਕਿਸੇ ਅਜਿਹੀ ਗੰਭੀਰ ਬੀਮਾਰੀ ਦੇ ਬਾਅਦ ਇਨਟੇਨਸਿਵ ਕੇਅਰ ਯੂਨਿਟ ਵਿੱਚ ਹੁੰਦਾ ਹੈ ਜਿਸਤੋਂ ਉਹ ਰਿਕਵਰ ਨਹੀਂ ਕਰ ਸਕਦੇ ਹਨ ਅਤੇ ਡਾਕਟਰ ਅਤੇ ਪਰਿਵਾਰ ਇਸ ਗੱਲ ਤੋਂ ਸਹਿਮਤ ਹੁਨ ਕਿ ਮਸ਼ੀਨੀ ਤਰੀਕੇ ਨਾਲ ਵੇਂਟੀਲੇਸ਼ਨ ਅਤੇ ਕਿਸੇ ਹੋਰ ਜੀਵਨ ਸਮਰਥਕਾਂ ਨੂੰ ਹਟਾਉਣਾ ਵਿਅਕਤੀ ਦੇ ਸਰਬੋਤਮ ਹਿੱਤ ਵਿੱਚ ਹੈ। ਇਹ ਦਿਮਾਗ ਵਿੱਚ ਬਹੁਤ ਗੰਭੀਰ ਸੱਟ ਲੱਗਣ ਕਰਕੇ ਹੋ ਸਕਦਾ ਹੈ ਜਿਸਨਾਲ ਪੱਕੇ ਤੌਰ 'ਤੇ ਗੰਭੀਰ ਅਪਾਹਜਤਾ ਹੋ ਸਕਦੀ ਹੈ, ਪੱਕੇ ਤੌਰ 'ਤੇ ਦਿਲ ਦੀ ਬੀਮਾਰੀ ਜਾਂ ਫੇਫੜਿਆਂ ਦਾ ਕੰਮ ਕਰਨਾ ਬੰਦ ਹੋ ਸਕਦਾ ਹੈ ਜਾਂ ਲੋਕ ਜਿਨ੍ਹਾਂ ਨੂੰ ਰੀੜ੍ਹ ਦੀ ਹੱਡ ਦੀ ਬਹੁਤ ਗੰਭੀਰ ਸੱਟ ਲਗੀ ਹੋਵੇ ਜਿੱਥੇ ਉਹ ਤੁਰਣ ਜਾਂ ਬਿਨਾਂ ਮਦਦ ਸਾਹ ਲੈ ਪਾਉਣ ਵਿੱਚ ਅਸਮਰਥ ਹੋਣ।

ਤਦੋਂ ਪ੍ਰਾਥਮਿਕਤਾ ਉਸਦੇ ਜੀਵਨ ਦੇ ਅੰਤ ਸਮੇਂ ਦੌਰਾਨ ਦੇਖਰੇਖ, ਆਰਾਮ ਅਤੇ ਹਮਦਰਦੀ ਨਾਲ ਉਸਦਾ ਸਮਰਥਨ ਕਰਨ ਦੀ ਹੁੰਦੀ ਹੈ। ਜੀਵਨ ਸਮਰਥਕਾਂ ਨੂੰ ਹਟਾਏ ਜਾਣ ਦੀ ਚਰਚਾ ਹਮੇਸ਼ਾ ਪਰਿਵਾਰ (ਅਤੇ ਜੇ ਸੰਭਵ ਹੋਵੇ ਤਾਂ ਮਰੀਜ਼) ਨਾਲ ਕੀਤੀ ਜਾਂਦੀ ਹੈ ਅਤੇ ਇਸਦੀ ਸਹਿਮਤੀ ਲਈ ਜਾਂਦੀ ਹੈ ਅਤੇ ਇਹ ਫੈਸਲਾ ਦਾਨ ਤੇ ਕੋਈ ਵਿਚਾਰ ਕਰਨ ਤੋਂ ਪਹਿਲਾਂ ਅਤੇ ਸੁਤੰਤਰ ਤਰੀਕੇ ਨਾਲ ਲਿਆ ਜਾਂਦਾ ਹੈ। ਇਹ ਫੈਸਲਾ ਲਏ ਜਾਣ ਬਾਅਦ ਹੀ, ਦਾਨ ਬਾਰੇ ਕੋਈ ਵਿਚਾਰ ਕੀਤਾ ਜਾ ਸਕਦਾ ਹੈ।

## ਜਦੋਂ ਡਾਕਟਰਾਂ ਨੂੰ ਲਗਦਾ ਹੈ ਕਿ ਮਰੀਜ਼ ਦਾ ਦਿਲ ਧੜਕਨਾ ਬੰਦ ਹੋਣ ਵਾਲਾ ਹੈ ਤਾਂ ਉਸਦੇ ਬਾਅਦ ਕੀ ਹੁੰਦਾ ਹੈ?

ਜਦੋਂ ਪਰਿਵਾਰ ਦੇ ਮੈਂਬਰ ਅਤੇ ਡਾਕਟਰ ਇਸ ਗੱਲ ਤੇ ਸਹਿਮਤ ਹੋ ਜਾਂਦੇ ਹਨ ਕਿ ਇਲਾਜ ਜਾਰੀ ਰੱਖਣਾ ਮਰੀਜ਼ ਦੇ ਹਿੱਤਾਂ ਵਿੱਚ ਨਹੀਂ ਹੈ, ਤਾਂ ਉਹ ਅੱਗਲੇ ਪੜਾਵਾਂ ਬਾਰੇ ਵਿਅਕਤੀ ਦੇ ਪਰਿਵਾਰ ਨਾਲ ਗੱਲਬਾਤ ਕਰਨਗੇ। ਇਸ ਵਿੱਚ ਜੀਵਨ ਦੇ ਅੰਤਿਮ ਸਮੇਂ ਨਾਲ ਜੁੜੀਆਂ ਵਿਅਕਤੀ ਦੀਆਂ ਇੱਛਾਵਾਂ ਅਤੇ ਵੈਂਟੀਲੇਟਰ ਅਤੇ ਹੋਰ ਸਮਰਥਕਾਂ ਨੂੰ ਹਟਾਏ ਜਾਣ ਬਾਰੇ ਚਰਚਾ ਸ਼ਾਮਿਲ ਹੋਵੇਗੀ, ਅਤੇ ਨਾਲ ਹੀ ਆਰਾਮ ਪਹੁੰਚਾਉਣ ਅਤੇ ਦਰਦ ਨਾਲ ਰਾਹਤ ਪਹੁੰਚਾਉਣ 'ਤੇ ਧਿਆਨ ਦਿੱਤਾ ਜਾਣਾ ਸ਼ਾਮਿਲ ਹੋਵੇਗਾ।

ਜੇ ਡਾਕਟਰ ਇਹ ਉਮੀਦ ਕਰਦੇ ਹਨ ਕਿ ਵਿਅਕਤੀ ਸਾਹ ਲੈਣਾ ਬੰਦ ਕਰ ਦਵੇਗਾ ਅਤੇ ਵੈਂਟੀਲੇਟਰ ਅਤੇ ਕੋਈ ਹੋਰ ਜੀਵਨ ਸਮਰਥਕ ਹਟਾਏ ਜਾਣ ਦੇ ਕੁੱਝ ਚਿਰ ਬਾਅਦ ਸੰਚਾਰੀ ਮੌਤ ਹੋ ਜਾਵੇਗੀ, ਤਾਂ ਅੰਗ ਅਤੇ ਟਿਸ਼ੂ ਦਾਨ ਲਈ ਮੌਕਾ ਹੋ ਸਕਦਾ ਹੈ।

ਜੇ ਵਿਅਕਤੀ ਅਤੇ ਪਰਿਵਾਰ ਦਾਨ ਦਾ ਸਮਰਥਨ ਕਰਦਾ ਹੈ, ਤਾਂ ਉਨ੍ਹਾਂ ਇੱਛਾਵਾਂ ਨੂੰ ਪੂਰਾ ਕਰਨਾ ਯਕੀਨੀ ਬਣਾਉਣ ਲਈ ਹਰ ਸੰਭਵ ਕੰਮ ਕੀਤਾ ਜਾਵੇਗਾ। ਵੇਂਟੀਲੈਟਰ ਅਤੇ ਹੋਰ ਜੀਵਨ ਸਮਰਥਕ ਹਟਾਏ ਜਾਣ ਬਾਅਦ ਵਿਅਕਤੀ ਦੀ ਮੌਤ ਹੋਣ ਨੂੰ ਕਿੰਨਾ ਸਮਾਂ ਲਗੇਗਾ, ਇਸਦਾ ਸਹੀ-ਸਹੀ ਅੰਦਾਜ਼ਾ ਲਗਾਉਣਾ ਬਹੁਤ ਔਖਾ ਹੈ। ਕੁੱਝ ਲੋਕਾਂ ਦੀ ਇੱਕ ਘੰਟੇ ਅੰਦਰ ਮੌਤ ਹੋ ਜਾਂਦੀ ਹੈ ਅਤੇ ਦਾਨ ਦੇਣਾ ਸੰਭਵ ਹੋ ਸਕਦਾ ਹੈ। ਹੋ ਸਕਦਾ ਹੈ ਕਿ ਕਈ ਹੋਰ ਲੋਕਾਂ ਦੀ ਕਈ ਘੰਟਿਆਂ ਤਕ ਮੌਤ ਨਾ ਹੋਵੇ। ਜੇ ਅਜਿਹਾ ਹੁੰਦਾ ਹੈ, ਤਾਂ ਅੰਗ ਦਾਨ ਅੱਗੇ ਸੰਭਵ ਨਹੀਂ ਹੋਵੇਗਾ ਪਰ ਟਿਸ਼ੂਆਂ ਦਾ ਦਾਨ ਤਦ ਵੀ ਸੰਭਵ ਹੈ। ਜੇ ਜੀਵਨ ਸਮਰਥਕ ਹਟਾਏ ਜਾਣ ਦੇ ਤੁੰਰਤ ਬਾਅਦ ਮੌਤ ਹੁੰਦੀ ਹੈ, ਤਾਂ ਵਿਅਕਤੀ ਨੂੰ ਛੇਤੀ ਹੀ ਆਪਰੇਟਿੰਗ ਥਿਅਟਰ ਲੈ ਜਾਣ ਦੀ ਲੋੜ ਹੋਵੇਗੀ ਤਾਂਜੋ ਅੰਗਾਂ ਨੂੰ ਨੁਕਸਾਨ ਪਹੁੰਚਣ ਤੋਂ ਪਹਿਲਾਂ ਦਾਨ ਦਾ ਆਪਰੇਸ਼ਨ ਕੀਤਾ ਜਾ ਸਕੇ।

ਜੇਕਰ ਪਰਿਵਾਰ ਦੁਆਰਾ ਦਾਨ ਦਾ ਸਮਰਥਨ ਨਹੀਂ ਕੀਤਾ ਜਾਂਦਾ ਹੈ, ਤਾਂ ਡਾਕਟਰ ਵੈਂਟੀਲੇਟਰ ਹਟਾਉਣ ਬਾਰੇ ਪਰਿਵਾਰ ਨਾਲ ਗੱਲਬਾਤ ਕਰਨਗੇ। ਵੈਂਟੀਲੇਟਰ ਹਟਾਏ ਜਾਣ ਬਾਅਦ, ਆਕਸੀਜਨ ਦੀ ਕਮੀ ਕਾਰਨ ਵਿਅਕਤੀ ਦਾ ਦਿਲ ਧੜਕਨਾ ਬੰਦ ਕਰ ਦਵੇਗਾ ਅਤੇ ਉਸਦੀ ਚਮੜੀ ਠੰਢੀ ਅਤੇ ਪੀਲੀ ਪੈ ਜਾਵੇਗੀ ਕਿਉਂਕਿ ਸ਼ਰੀਰ ਵਿੱਚ ਖ਼ੂਨ ਦਾ ਵਹਾਅ ਨਹੀਂ ਹੋ ਰਿਹਾ ਹੋਵੇਗਾ।

ਜੀਵਨ ਦੇ ਅੰਤਿਮ ਸਮੇਂ ਦੀ ਦੇਖਰੇਖ ਦੌਰਾਨ ਦੇਖਭਾਲ, ਗਰਿਮਾ ਅਤੇ ਸਨਮਾਨ ਹਮੇਸ਼ਾ ਬਣਾਏ ਰੱਖਿਆ ਜਾਂਦਾ ਹੈ, ਭਾਵੇਂ ਦਾਨ ਪ੍ਰਕ੍ਰਿਆ ਅੱਗੇ ਵੱਧੇ ਜਾਂ ਨਾ ਵੱਧੇ।

ਹਰ ਪਰਿਵਾਰ ਦਾ ਤਜਰਬਾ ਥੋੜਾ ਵੱਖ ਹੁੰਦਾ ਹੈ, ਪਰ ਜਦੋਂ ਡਾਕਟਰਾਂ ਨੂੰ ਇਹ ਲਗਦਾ ਹੈ ਕਿ ਤੁਹਾਡਾ ਪਿਆਰਾ ਹੁਣ ਰਿਕਵਰ ਨਹੀਂ ਕਰ ਪਾਏਗਾ ਤਾਂ ਡਾਕਟਰੀ ਟੀਮ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਨਾਲ ਅੰਗ ਅਤੇ ਟਿਸ਼ੂ ਦਾਨ ਦੀ ਸੰਭਾਵਨਾ ਬਾਰੇ ਗੱਲਬਾਤ ਕਰਨਾ ਸ਼ੁਰੂ ਕਰੇਗੀ।

# ਦਾਨ ਬਾਰੇ ਸੂਚਨਾ ਅਤੇ ਆਮ ਸਵਾਲ

### ਦਾਨ ਦੀ ਆਪਰੇਸ਼ਨ ਪ੍ਰਕ੍ਰਿਆ ਵਿੱਚ ਕੀ ਸ਼ਾਮਿਲ ਹੈ?

ਦਾਨ ਆਪਰੇਸ਼ਨ ਕਿਸੇ ਹੋਰ ਆਪਰੇਸ਼ਨ ਦੀ ਤਰ੍ਹਾਂ ਹੀ ਸਮਾਨ ਦੇਖਰੇਖ ਕਰਕੇ ਕੀਤਾ ਜਾਂਦਾ ਹੈ, ਅਤੇ ਵਿਅਕਤੀ ਦੇ ਸ਼ਰੀਰ ਦੇ ਨਾਲ ਹਮੇਸ਼ਾ ਸਨਮਾਨ ਅਤੇ ਗਰਿਮਾ ਨਾਲ ਵਿਹਾਰ ਕੀਤਾ ਜਾਂਦਾ ਹੈ। ਆਪਰੇਸ਼ਨ ਉੱਚ ਯੋਗਤਾ ਪ੍ਰਾਪਤ ਸਰਜਨ ਅਤੇ ਸਿਹਤ ਪੇਸ਼ੇਵਰਾਂ ਦੁਆਰਾ ਕੀਤਾ ਜਾਂਦਾ ਹੈ। ਹੋ ਸਕਦਾ ਹੈ ਕਿ ਆਪਰੇਸ਼ਨ ਕਰਨ ਲਈ ਹੋਰ ਹਸਪਤਾਲਾਂ ਦੇ ਮਾਹਿਰ ਡਾਕਟਰਾਂ ਅਤੇ ਉਨ੍ਹਾਂ ਦੀਆਂ ਟੀਮਾਂ ਨੂੰ ਬੁਲਾਇਆ ਜਾਵੇ।

ਹੋਰ ਆਪਰੇਸ਼ਨਾਂ ਵਾਂਗ ਹੀ, ਅੰਗ ਕੱਢੇ ਜਾਣ ਲਈ ਸਰਜਰੀ ਦੀ ਵਰਤੋਂ ਕਰਕੇ ਚੀਰਾ ਲਗਾਇਆ ਜਾਂਦਾ ਹੈ ਅਤੇ ਫਿਰ ਚੀਰੇ ਨੂੰ ਬੰਦ ਕਰ ਦਿੱਤਾ ਜਾਵੇਗਾ ਅਤੇ ਉਸਤੇ ਪੱਟੀ ਲਗਾਈ ਜਾਵੇਗੀ। ਇਸ ਗੱਲ ਤੇ ਨਿਰਭਰ ਕਰਦੇ ਹੋਏ ਕਿ ਕਿਹੜੇ ਅੰਗ ਅਤੇ ਟਿਸ਼ੂਆਂ ਦਾ ਦਾਨ ਕੀਤਾ ਜਾ ਰਿਹਾ ਹੈ, ਆਪਰੇਸ਼ਨ ਪੂਰਾ ਕਰਨ ਵਿੱਚ ਅੱਠ ਘੰਟਿਆਂ ਤਕ ਦਾ ਸਮਾਂ ਲਗ ਸਕਦਾ ਹੈ।

### ਆਪਰੇਸ਼ਨ ਬਾਅਦ ਕੀ ਹੁੰਦਾ ਹੈ?

ਆਪਰੇਸ਼ਨ ਬਾਅਦ, ਦਾਨ ਕੀਤੇ ਅੰਗਾਂ ਨੂੰ ਆਪਰੇਟਿੰਗ ਥਿਅਟਰ ਤੋਂ ਹਸਪਤਾਲ ਦੀ ਉਸ ਥਾਂ ਤੇ ਲੈ ਜਾਇਆ ਜਾਵੇਗਾ ਜਿੱਥੇ ਟ੍ਰਾਂਸਪਲਾਂਟੇਸ਼ਨ ਹੋਣਾ ਹੈ।

### ਕੀ ਵਿਅਕਤੀ ਵੱਖ ਵਿਖਾਈ ਦਿੰਦਾ ਹੈ?

ਜਦੋਂ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਅਤੇ ਖ਼ੂਨ ਅਤੇ ਆਕਸੀਜਨ ਦਾ ਸੰਚਾਰ ਪੂਰੇ ਸ਼ਰੀਰ ਵਿੱਚ ਨਹੀਂ ਹੁੰਦਾ ਹੈ ਤਾਂ ਉਸਦਾ ਪੀਲਾ ਵਿਖਾਈ ਦੇਣਾ ਅਤੇ ਚਮੜੀ ਦਾ ਠੰਢਾ ਮਹਿਸੂਸ ਹੋਣਾ ਆਮ ਹੈ। ਦਾਨ ਆਪਰੇਸ਼ਨ ਨਾਲ ਵਿਅਕਤੀ ਦੀ ਦਿਖਾਵਟ ਵਿੱਚ ਕੋਈ ਮਹਤਵਪੂਰਣ ਤਬਦੀਲੀ ਨਹੀਂ ਹੁੰਦੀ ਹੈ। ਆਪਰੇਸ਼ਨ ਦੌਰਾਨ ਸਰਜਰੀ ਨਾਲ ਕੀਤੇ ਚੀਰੇ ਬੰਦ ਕਰ ਦਿੱਤੇ ਜਾਣਗੇ ਅਤੇ ਕਿਸੇ ਹੋਰ ਆਪਰੇਸ਼ਨ ਦੀ ਤਰ੍ਹਾਂ ਇਨ੍ਹਾਂ ਨੂੰ ਢੱਕ ਦਿੱਤਾ ਜਾਵੇਗਾ।

### ਕੀ ਅੰਤਿਮ ਸੰਸਕਾਰ ਦੇ ਪ੍ਰਬੰਧਾਂ ਤੇ ਅਸਰ ਪਵੇਗਾ?

ਅੰਗ ਅਤੇ ਟਿਸ਼ੂ ਦਾਨ ਨਾਲ ਅੰਤਮ ਸੰਸਕਾਰ ਦੇ ਪ੍ਰਬੰਧਾਂ ਤੇ ਕੋਈ ਅਸਰ ਨਹੀਂ ਪੈਂਦਾ ਹੈ। ਆਪਣੇ ਪਿਆਰੇ ਅਤੇ ਖੁੱਲ੍ਹੇ ਕਾਸਕੇਟ ਵਿੱਚ ਫਯੂਨਰਲ (ਅੰਤਿਮ ਸੰਸਕਾਰ), ਦੋਹਾਂ, ਨੂੰ ਵੇਖਣਾ ਸੰਭਵ ਹੈ। ਜੇ ਕੋਰੋਨਰ ਦੀ ਜਾਂਚ ਦੀ ਲੋੜ ਹੈ, ਤਾਂ ਇਸਨਾਲ ਅੰਤਮ ਸੰਸਕਾਰ ਦੇ ਪ੍ਰਬੰਧਾਂ ਵਿੱਚ ਦੇਰੀ ਹੋ ਸਕਦੀ ਹੈ।

## ਕੋਰੋਨਰ ਦੀ ਜਾਂਚ ਦੀ ਲੋੜ ਕਿਉਂ ਹੁੰਦੀ ਹੈ?

ਮੌਤ ਦੀਆਂ ਕੁੱਝ ਘਟਨਾਵਾਂ ਲਈ, ਜਿਵੇਂ ਕਿ ਦੁਰਘਟਨਾ ਦੇ ਬਾਅਦ ਜਾਂ ਗੈਰ-ਕੁਦਰਤੀ ਕਾਰਨਾਂ (ਜਿਵੇਂ ਕਿ ਜਹਿਰ ਨਾਲ ਜਾਂ ਖੁਦਕੁਸ਼ੀ ਦੇ ਕਾਰਨ), ਕਾਨੂੰਨ ਇਹ ਲਾਜ਼ਮੀ ਬਣਾਉਂਦਾ ਹੈ ਕਿ ਇਸਦੀ ਸੂਚਨਾ ਅਦਾਲਤ ਨੂੰ ਦਿੱਤੀ ਜਾਵੇ ਅਤੇ ਕੋਰੋਨਰ ਦੁਆਰਾ ਇਸਦੀ ਜਾਂਚ ਕੀਤੀ ਜਾਵੇ। ਦਾਨ ਨਾਲ ਜੁੜਿਆ ਕੋਈ ਵੀ ਫੈਸਲਾ ਇਸ ਗੱਲ ਤੇ ਅਸਰ ਨਹੀਂ ਪਾਉਂਦਾ ਹੈ ਕਿ ਕੀ ਕੋਰੋਨਰ ਦੀ ਜਾਂਚ ਦੀ ਲੋੜ ਹੈ ਜਾਂ ਨਹੀਂ। ਹਸਪਤਾਲ ਜਾਂ ਦਾਨ ਮਾਹਿਰ ਕਰਮਚਾਰੀ ਪਰਿਵਾਰ ਨਾਲ ਚਰਚਾ ਕਰਨਗੇ ਜੇ ਮੌਤ ਦੀ ਪਰਿਸਥਿਤੀ ਦਾ ਮਤਲਬ ਹੈ ਕਿ ਇਸਦੀ ਸੂਚਨਾ ਕੋਰੋਨਰ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਜਿਆਦਾਤਰ ਸੂਬਿਆਂ ਅਤੇ ਟੇਰੇਟਰਿਆਂ ਦੇ ਕੋਰੋਨਰ ਦੇ ਦਫਤਰ ਸਲਾਹਕਾਰਾਂ ਤਕ ਪਹੁੰਚ ਪ੍ਰਦਾਨ ਕਰਦੇ ਹਨ ਜੋ ਇਸ ਪ੍ਰਕ੍ਰਿਆ ਬਾਰੇ ਵਧੇਰੀ ਵੇਰਵੀ ਜਾਣਕਾਰੀ ਅਤੇ ਸਮਰਥਨ ਦੇ ਸਕਦੇ ਹਨ ਕਿ ਕੋਰੋਨਰ ਸੰਬੰਧੀ ਜਾਂਚ ਦੀ ਲੋੜ ਕਦੋਂ ਹੈ।

## ਕੀ ਪਰਿਵਾਰ ਦਾਨ ਨੂੰ ਲੈ ਕੇ ਆਪਣਾ ਫੈਸਲਾ ਬਦਲ ਸਕਦਾ ਹੈ?

ਹਾਂ। ਵਿਅਕਤੀ ਨੂੰ ਆਪਰੇਟਿੰਗ ਕਮਰੇ ਤਕ ਲੈ ਜਾਏ ਜਾਣ ਤਕ ਪਰਿਵਾਰ ਕਿਸੇ ਵੀ ਸਮੇਂ ਦਾਨ ਬਾਰੇ ਆਪਣਾ ਫੈਸਲਾ ਬਦਲ ਸਕਦਾ ਹੈ।

## ਦਾਨ ਬਾਰੇ ਧਾਰਮਿਕ ਵਿਚਾਰ ਕੀ ਹਨ?

ਜਿਆਦਾਤਰ ਮੁੱਖ ਧਰਮ ਅੰਗ ਅਤੇ ਟਿਸ਼ੂ ਦਾਨ ਦੇ ਸਮਰਥਕ ਹਨ। ਜੇ ਪਰਿਵਾਰ ਦੇ ਕੋਈ ਸਵਾਲ ਹਨ ਜਿਸਦੀ ਉਹ ਚਰਚਾ ਕਰਨਾ ਚਾਹੁੰਦੇ ਹਨ, ਤਾਂ ਦਾਨ ਮਾਹਿਰ ਕਰਮਚਾਰੀ ਉਨ੍ਹਾਂ ਨੂੰ ਵਧੇਰੀ ਜਾਣਕਾਰੀ ਦੇ ਸਕਦੇ ਹਨ ਅਤੇ ਉਨ੍ਹਾਂ ਦੇ ਧਾਰਮਿਕ ਮਾਰਗਦਰਸ਼ਕ ਨਾਲ ਸੰਪਰਕ ਕਰਨ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੇ ਹਨ।

## ਕੀ ਵਿਅਕਤੀ ਦੇ ਪਰਿਵਾਰ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਦਾਨ ਦੇ ਖਰਚੇ ਦਾ ਭਾਰ ਚੁੱਕਣ?

ਨਹੀਂ, ਦਾਨ ਲਈ ਪਰਿਵਾਰ ਨੂੰ ਕੋਈ ਵਿੱਤੀ ਖਰਚ ਦਾ ਭਾਰ ਨਹੀਂ ਚੁੱਕਣਾ ਪੈਂਦਾ ਹੈ। ਜੇ ਅੰਗ ਜਾਂ ਟਿਸ਼ੂ ਦਾਨ ਦੇ ਸੰਬੰਧ ਵਿੱਚ ਤੁਹਾਨੂੰ ਕੋਈ ਬਿਲ ਮਿਲੇ ਹਨ, ਤਾਂ ਕ੍ਰਿਪਾ ਕਰਕੇ ਆਪਣੇ ਸੂਬੇ ਜਾਂ ਟੇਰੇਟਰੀ ਦੀ ਦਾਨ ਏਜੰਸੀ ਜਾਂ ਦਾਨ ਕੋਆਰਡੀਨੇਟਰ ਨਾਲ ਸੰਪਰਕ ਕਰੋ।

## ਕਿਹੜੇ ਅੰਗਾਂ ਅਤੇ ਟਿਸ਼ੂਆਂ ਦਾ ਦਾਨ ਕੀਤਾ ਜਾਂਦਾ ਹੈ?

ਦਾਨ ਮਾਹਿਰ ਕਰਮਚਾਰੀ ਪਰਿਵਾਰ ਨਾਲ ਇਹ ਚਰਚਾ ਕਰਦੇ ਹਨ ਕਿ ਕਿਹੜੇ ਅੰਗਾਂ ਅਤੇ ਟਿਸ਼ੂਆਂ ਦਾ ਦਾਨ ਕਰਨਾ ਸੰਭਵ ਹੋ ਸਕਦਾ ਹੈ। ਇਹ ਵਿਅਕਤੀ ਦੀ ਉਮਰ, ਮੈਡੀਕਲ ਹਿਸਟਰੀ ਅਤੇ ਉਸਦੀ ਮੌਤ ਨਾਲ ਜੁੜਿਆਂ ਪਰਿਸਥਿਤਿਆਂ ਤੇ ਨਿਰਭਰ ਕਰਦਾ ਹੈ। ਪਰਿਵਾਰ ਤੋਂ ਇਹ ਪੁਸ਼ਟੀ ਕਰਨ ਲਈ ਕਿਹਾ ਜਾਂਦਾ ਹੈ ਕਿ ਉਹ ਕਿਹੜੇ ਅੰਗਾਂ ਅਤੇ ਟਿਸ਼ੂਆਂ ਦਾ ਦਾਨ ਕੀਤੇ ਜਾਣ ਲਈ ਸਹਿਮਤ ਹਨ। ਉਨ੍ਹਾਂ ਨੂੰ ਇੱਕ ਅਧਿਕਾਰ ਫਾਰਮ ਤੇ ਹਸਤਾਖਰ ਕਰਨ ਲਈ ਕਿਹਾ ਜਾਂਦਾ ਹੈ ਜਿਸਤੇ ਇਸ ਜਾਣਕਾਰੀ ਦਾ ਵੇਰਵਾ ਦਿੱਤਾ ਗਿਆ ਹੋਵੇਗਾ।

## ਕੀ ਵਿਅਕਤੀ ਦਾ ਪਰਿਵਾਰ ਇਸ ਬਾਰੇ ਕੋਈ ਫੈਸਲਾ ਲੈ ਸਕਦਾ ਹੈ ਕਿ ਕੀ ਅੰਗ ਅਤੇ ਟਿਸ਼ੂ ਕਿਸਨੂੰ ਮਿਲਣਗੇ?

ਅੰਗ ਅਤੇ ਟਿਸ਼ੂ ਕਿਸਨੂੰ ਮਿਲਣਗੇ, ਇਸਦਾ ਨਿਰਧਾਰਨ ਰਾਸ਼ਟਰੀ ਪਰੋਟੋਕਾਲ ਮੁਤਾਬਕ ਟ੍ਰਾਂਸਪਲਾਂਟ ਟੀਮਾਂ ਦੁਆਰਾ ਕੀਤਾ ਜਾਂਦਾ ਹੈ। ਇਹ ਕਈ ਮਾਪਦੰਡਾਂ ਤੇ ਆਧਾਰਤ ਹੈ, ਇਸ ਵਿੱਚ ਇਹ ਸ਼ਾਮਿਲ ਹੈ ਕਿ ਸਭ ਤੋਂ ਵਧੀਆ ਮੇਲ ਕੌਣ ਖਾਂਦਾ ਹੈ ਅਤੇ ਉਡੀਕ ਦੀਆਂ ਸੂਚੀਆਂ ਕੀ ਹਨ, ਤਾਂਜੋ ਦਾਨ ਦਾ ਸਭ ਤੋਂ ਵਧੀਆ ਸੰਭਵ ਨਤੀਜਾ ਯਕੀਨੀ ਬਣਾਇਆ ਜਾ ਸਕੇ।

## ਕੀ ਇਹ ਪੱਕਾ ਹੈ ਕਿ ਵਿਅਕਤੀ ਦੇ ਅੰਗਾਂ ਦਾ ਟ੍ਰਾਂਸਪਲਾਂਟ ਕੀਤਾ ਜਾਂਦਾ ਹੈ?

ਜੇ ਪਰਿਵਾਰ ਦਾਨ ਦਾ ਸਮਰਥਨ ਕਰਦਾ ਹੈ, ਤਾਂ ਉਨ੍ਹਾਂ ਇੱਛਾਵਾਂ ਨੂੰ ਪੂਰਾ ਕਰਨਾ ਯਕੀਨੀ ਬਣਾਉਣ ਲਈ ਹਰ ਸੰਭਵ ਕੰਮ ਕੀਤਾ ਜਾਂਦਾ ਹੈ। ਪਰ, ਦਾਨ ਵੇਲ਼ੇ ਕਦੇ-ਕਦੇ ਇਹ ਸਪਸ਼ਟ ਹੋ ਸਕਦਾ ਹੈ ਕਿ ਜਿਨ੍ਹਾਂ ਅੰਗਾਂ ਨੂੰ ਦਾਨ ਦਿੱਤੇ ਜਾਣ ਦਾ ਇਰਾਦਾ ਹੋਵੇ, ਉਹ ਮੈਡੀਕਲ ਤੌਰ 'ਤੇ ਟ੍ਰਾਂਸਪਲਾਂਟ ਕੀਤੇ ਜਾਣ ਲਈ ਉਚਿਤ ਨਹੀਂ ਹਨ। ਦਾਨ ਮਾਹਿਰ ਕਰਮਚਾਰੀ ਅਜਿਹਾ ਹੋਣ ਦੀ ਸਥਿਤੀ ਵਿੱਚ ਇਸਦੀ ਚਰਚਾ ਪਰਿਵਾਰ ਨਾਲ ਕਰਨਗੇ।

## ਕੀ ਟ੍ਰਾਂਸਪਲਾਂਟੇਸ਼ਨ ਹਮੇਸ਼ਾ ਕਾਮਯਾਬ ਰਹਿੰਦਾ ਹੈ?

ਆਸਟ੍ਰੇਲੀਆ ਨੂੰ ਆਪਣੇ ਕਾਮਯਾਬ ਰਹਿਣ ਵਾਲੇ ਟ੍ਰਾਂਸਪਲਾਂਟਾਂ ਬਾਰੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਦਿੱਤੀ ਜਾਂਦੀ ਹੈ ਅਤੇ ਇੱਥੇ ਪ੍ਰਾਪਤਕਰਤਾਵਾਂ ਦੇ ਲੰਬੀ ਮਿਆਦ ਤਕ ਜੀਵਿਤ ਰਹਿਣ ਦਾ ਬਹੁਤ ਵਧੀਆ ਰਿਕਾਰਡ ਹੈ। ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਟ੍ਰਾਂਸਪਲਾਂਟ ਮਿਲਿਆ ਹੈ ਉਨ੍ਹਾਂ ਨੂੰ ਬਹੁਤ ਲਾਭ ਮਿਲਦਾ ਹੈ ਅਤੇ ਇਸਦੇ ਨਤੀਜੇ ਵਜੋਂ ਉਹ ਹੋਰ ਸਰਗਰਮ ਜੀਵਨ ਬਤੀਤ ਕਰਨ ਲਈ ਯੋਗ ਬਣਦੇ ਹਨ। ਭਾਵੇਂ ਟ੍ਰਾਂਸਪਲਾਂਟੇਸ਼ਨ ਖਤਰੇ ਤੋਂ ਮੁਕਤ ਨਹੀਂ ਹੈ, ਇਸ ਵਿੱਚ ਟ੍ਰਾਂਸਪਲਾਂਟੇਸ਼ਨ ਸਰਜਰੀ ਅਤੇ ਟ੍ਰਾਂਸਪਲਾਂਟੇਸ਼ਨ ਦੇ ਬਾਅਦ ਲੋੜੀਂਦੇ ਲਗਾਤਾਰ ਇਲਾਜ ਨਾਲ ਜੁੜ੍ਹੇ ਖਤਰੇ ਸ਼ਾਮਿਲ ਹਨ।

## ਕੀ ਪਰਿਵਾਰ ਨੂੰ ਉਨ੍ਹਾਂ ਮਰੀਜ਼ਾਂ ਬਾਰੇ ਜਾਣਕਾਰੀ ਮਿਲਦੀ ਹੈ ਜਿਨ੍ਹਾਂ ਨੂੰ ਦਾਨ ਨਾਲ ਲਾਭ ਮਿਲਦਾ ਹੈ?

ਦਾਨ ਅਤੇ ਟ੍ਰਾਂਸਪਲਾਂਟੇਸ਼ਨ ਵਿੱਚ ਸ਼ਾਮਿਲ ਸਿਹਤ ਪੇਸ਼ੇਵਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਕਾਨੂੰਨੀ ਤੌਰ 'ਤੇ ਲਾਜ਼ਮੀ ਹੋਣ ਕਰਕੇ ਦਾਨੀਆਂ ਅਤੇ ਪ੍ਰਾਪਤਕਰਤਾਵਾਂ ਦੀ ਪਛਾਣ ਗੁਮਨਾਮ ਰੱਖਣ। ਸ਼ੁਰੂਆਤੀ ਨਤੀਜਿਆਂ ਦੀ ਚਰਚਾ ਪਰਿਵਾਰਾਂ ਨਾਲ ਕੀਤੀ ਜਾਵੇਗੀ, ਅਤੇ ਪਰਿਵਾਰ DonateLife Agency ਤੋਂ ਵਧੇਰੇ ਅਪਡੇਟ ਲੈ ਸਕਦੇ ਹਨ। ਸੂਬੇ ਜਾਂ ਟੇਰੇਟਰੀ ਦੀਆਂ ਦਾਨ ਏਜੰਸੀਆਂ ਅਤੇ ਟ੍ਰਾਂਸਪਲਾਂਟ ਯੂਨਿਟਸ ਰਾਹੀਂ ਦਾਨੀ ਪਰਿਵਾਰ ਅਤੇ ਟ੍ਰਾਂਸਪਲਾਂਟ ਪ੍ਰਾਪਤਕਰਤਾ ਇੱਕ-ਦੂਜੇ ਨੂੰ ਗੁਮਨਾਮ ਤਰੀਕੇ ਨਾਲ ਚਿੱਠੀ ਲਿੱਖ ਸਕਦੇ ਹਨ।

# ਟ੍ਰਾਂਸਪਲਾਂਟੇਸ਼ਨ ਬਾਰੇ ਸੂਚਨਾ ਅਤੇ ਆਮ ਸਵਾਲ

**ਅੰਗ ਅਤੇ ਟਿਸ਼ੂ ਦਾਨ ਨਾਲ ਅਜਿਹੇ ਲੋਕਾਂ ਦੀ ਜ਼ਿੰਦਗੀਆਂ ਬੱਚ ਸਕਦੀਆਂ ਹਨ ਅਤੇ ਉਨ੍ਹਾਂ ਦੇ ਜੀਵਨ ਵਿੱਚ ਮਹਤਵਪੂਰਣ ਤੌਰ 'ਤੇ ਸੁਧਾਰ ਹੋ ਸਕਦਾ ਹੈ ਜੋ ਬੀਮਾਰ ਹੋਣ ਅਤੇ ਮੌਤ ਵੱਲ ਪੜਾਅ ਕਰ ਰਹੇ ਹੋਣ। ਕਿਸੇ ਅੰਗ ਦੇ ਕੰਮ ਕਰਨਾ ਬੰਦ ਕਰਨ ਨਾਲ ਹੋਣ ਵਾਲੇ ਗੰਭੀਰ ਜਾਂ ਵਿਕਟ ਰੋਗਾਂ ਨਾਲ ਗ੍ਰਸਤ ਲੋਕਾਂ ਲਈ ਟ੍ਰਾਂਸਪਲਾਂਟੇਸ਼ਨ ਹੀ ਸਿਹਤਮੰਦ ਜੀਵਨ ਦੀ ਇਕਲੌਤੀ ਉਮੀਦ ਹੁੰਦੀ ਹੈ। ਹੇਠਾਂ ਦਿੱਤੇ ਸਫੇ ਉਨ੍ਹਾਂ ਅੰਗਾਂ ਅਤੇ ਟਿਸ਼ੂਆਂ ਬਾਰੇ ਕੁੱਝ ਜਾਣਕਾਰੀ ਦੇਣਗੇ ਜਿਨ੍ਹਾਂ ਦਾ ਦਾਨ ਕੀਤਾ ਜਾ ਸਕਦਾ ਹੈ, ਅਤੇ ਇਹ ਵੀ ਕਿ ਕੁੱਝ ਲੋਖਾਂ ਨੂੰ ਟ੍ਰਾਂਸਪਲਾਂਟ ਦੀ ਲੋੜ ਕਿਉਂ ਹੋਵੇਗੀ।**

## ਦਿਲ ਦਾ ਦਾਨ

ਦਿਲ ਪੂਰੇ ਸ਼ਰੀਰ ਤਕ ਖ਼ੂਨ ਪਹੁੰਚਾਉਂਦਾ ਹੈ ਅਤੇ ਖ਼ੂਨ ਹੋਰ ਸਾਰੇ ਅੰਗਾਂ ਵਿੱਚ ਆਕਸੀਜਨ ਲੈ ਜਾਂਦਾ ਹੈ। ਜੇਕਰ ਦਿਲ ਠੀਕ ਤਰੀਕੇ ਨਾਲ ਖ਼ੂਨ ਨਹੀਂ ਪਹੁੰਚਾ ਸਕਦਾ ਹੈ, ਤਾਂ ਬਾਕੀ ਦਾ ਸ਼ਰੀਰ ਬਹੁਤ ਜਲਦੀ ਬੀਮਾਰ ਪੈ ਸਕਦਾ ਹੈ। ਦਿਲ ਦੇ ਕੰਮ ਕਰਨਾ ਬੰਦ ਕਰਨ, ਵਾਇਸਰ ਦੀ ਲਾਗ, ਜਾਂ ਜਨਮਜਾਤ ਦਿਲ ਦੇ ਰੋਗ ਨਾਲ ਗ੍ਰਸਤ ਲੋਕਾਂ ਨੂੰ ਜੀਵਿਤ ਰਹਿਣ ਲਈ ਦਿਲ ਦੇ ਟ੍ਰਾਂਸਪਲਾਂਟ ਦੀ ਲੋੜ ਪੈ ਸਕਦੀ ਹੈ। ਦਿਲ ਦਾ ਟ੍ਰਾਂਸਪਲਾਂਟ ਉਸ ਸਥਿਤੀ ਵਿੱਚ ਕੀਤਾ ਜਾਂਦਾ ਹੈ ਜਦੋਂ ਡਾਕਟਰੀ ਇਲਾਜ ਦੇ ਹੋਰ ਸਾਰੇ ਤਰੀਕੇ ਨਾਕਾਮਯਾਬ ਹੋ ਗਏ ਹੋਣ।

ਮਨੁੱਖੀ ਦਿਲ ਦੇ ਉਪਲਬਧ ਹੋਣ ਤਕ ਅਸਥਾਈ ਤੌਰ 'ਤੇ ਇੱਕ ਨਕਲੀ ਦਿਲ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਪੂਰੇ ਦਿਲ ਦਾ ਟ੍ਰਾਂਸਪਲਾਂਟ ਨਹੀਂ ਕੀਤਾ ਜਾ ਸਕਦਾ ਹੈ, ਤਾਂ ਵੀ ਦਿਲ ਦੀਆਂ ਨਸਾਂ ਦਾ ਦਾਨ ਕੀਤਾ ਜਾ ਸਕਦਾ ਹੈ।

## ਫੇਫੜਿਆਂ ਦਾ ਦਾਨ

ਫੇਫੜੇ ਖ਼ੂਨ ਵਿੱਚ ਆਕਸੀਜਨ ਪਹੁੰਚਾਉਂਦੇ ਹਨ ਅਤੇ ਕਾਰਬਨ ਡਾਈਆਕਸਾਈਡ ਹਟਾਉਂਦੇ ਹਨ। ਫੇਫੜਿਆਂ ਦੇ ਟ੍ਰਾਂਸਪਲਾਂਟ ਦੀ ਲੋੜ ਅਕਸਰ ਉਨ੍ਹਾਂ ਲੋਕਾਂ ਨੂੰ ਪੈਂਦੀ ਹੈ ਜੋ ਸਿਸਟਿਕ ਫਾਈਬਰੋਸਿਸ ਜਾਂ ਐਮਫਸੀਮਾ ਦੀ ਸਮੱਸਿਆ ਨਾਲ ਗ੍ਰਸਤ ਹੁੰਦੇ ਹਨ ਅਤੇ ਜਿਨ੍ਹਾਂ ਦੇ ਆਪਣੇ ਫੇਫੜੇ ਉਨ੍ਹਾਂ ਦੇ ਸ਼ਰੀਰ ਨੂੰ ਲੋੜੀਂਦੀ ਆਕਸੀਜਨ ਪ੍ਰਦਾਨ ਨਹੀਂ ਕਰ ਸਕਦੇ ਹਨ। ਦੋਵੇਂ ਫੇਫੜੇ ਇੱਕ ਹੀ ਪ੍ਰਾਪਤਕਰਤਾ ਨੂੰ ਇੱਕ ਨਾਲ ਟ੍ਰਾਂਸਪਲਾਂਟ ਕੀਤੇ ਜਾ ਸਕਦੇ ਹਨ ਜਾਂ ਵੱਖ-ਵੱਖ ਟ੍ਰਾਂਸਪਲਾਂਟ ਕੀਤੇ ਜਾ ਸਕਦੇ ਹਨ ਅਤੇ ਵੱਖ-ਵੱਖ ਫੇਫੜਾ ਦੋ ਪ੍ਰਾਪਤਕਰਤਾਵਾਂ ਨੂੰ ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ।

ਕਈ ਲੋਕਾਂ ਨੂੰ ਲਗਦਾ ਹੈ ਕਿ ਤੰਬਾਕੂਨੋਸ਼ੀ ਕਰਨ ਨਾਲ ਫੇਫੜਿਆਂ ਦਾ ਦਾਨ ਨਹੀਂ ਕੀਤਾ ਜਾ ਸਕੇਗਾ। ਪਰ, ਇਹ ਸੱਚ ਨਹੀਂ ਹੈ। ਇਨਟੇਨਸਿਵ ਕੇਅਰ ਵਿੱਚ ਅਜਿਹੇ ਟੈਸਟ ਕੀਤੇ ਜਾ ਸਕਦੇ ਹਨ ਜੋ ਇਹ ਜਾਂਚ ਕਰਦੇ ਹਨ ਕਿ ਫੇਫੜੇ ਕਿਵੇਂ ਕੰਮ ਕਰਦੇ ਹਨ ਅਤੇ ਇਸਦੇ ਨਤੀਜੇ ਦਾਨ ਲਈ ਅਨੁਕੂਲਤਾ ਦਾ ਨਿਰਧਾਰਨ ਕਰਦੇ ਹਨ।

## ਗੁਰਦੇ ਦਾ ਦਾਨ

ਗੁਦਰਿਆਂ ਦਾ ਮੁੱਖ ਕੰਮ ਖੂਨ ਤੋਂ ਫਜ਼ੂਲ ਪਦਾਰਥ ਸਾਫ ਕਰਨਾ (ਫਿਲਟਰ ਕਰਨਾ) ਹੁੰਦਾ ਹੈ। ਜਦੋਂ ਸ਼ਰੀਰ ਭੋਜਨ ਤੋਂ ਉਹ ਸਭ ਪ੍ਰਾਪਤ ਕਰ ਲੈਂਦਾ ਹੈ, ਜਿਸਦੀ ਉਸਨੂੰ ਲੋੜ ਹੁੰਦੀ ਹੈ, ਤਾਂ ਫਜ਼ੂਲ ਪਦਾਰਥ ਖੂਨ ਵਿੱਚ ਭੇਜੇ ਜਾਂਦੇ ਹਨ, ਗੁਦਰਿਆਂ ਤੋਂ ਫਿਲਟਰ ਕਰਕੇ, ਅਤੇ ਫਿਰ ਇਨ੍ਹਾਂ ਫਜ਼ੂਲ ਪਦਾਰਥਾਂ ਨੂੰ ਪੇਸ਼ਾਬ ਰਾਹੀਂ ਸ਼ਰੀਰ ਤੋਂ ਬਾਹਰ ਕੱਢਿਆ ਜਾਂਦਾ ਹੈ। ਜੇ ਗੁਰਦੇ ਖਰਾਬ ਹਨ ਜਾਂ ਇਨ੍ਹਾਂ ਵਿੱਚ ਕੋਈ ਬੀਮਾਰੀ ਹੈ ਅਤੇ ਇਹ ਖੂਨ ਨੂੰ ਠੀਕ ਢੰਗ ਨਾਲ ਫਿਲਟਰ ਨਹੀਂ ਕਰ ਪਾ ਰਹੇ ਹਨ, ਤਾਂ ਫਜ਼ੂਲ ਪਦਾਰਥ ਖੂਨ ਵਿੱਚ ਜਮ੍ਹਾ ਹੋਣੇ ਸ਼ੁਰੂ ਹੋ ਜਾਣਗੇ ਅਤੇ ਸ਼ਰੀਰ ਨੂੰ ਨੁਕਸਾਨ ਪਹੁੰਚਾਣਗੇ।

ਜਿਨ੍ਹਾਂ ਲੋਕਾਂ ਦੇ ਗੁਰਦਿਆਂ ਵਿੱਚ ਬਹੁਤ ਗੰਭੀਰ ਸਮੱਸਿਆਵਾਂ ਹੋਣ, ਉਨ੍ਹਾਂ ਨੂੰ ਡਾਇਲਸਿਸ ਤੇ ਰੱਖਿਆ ਜਾਂਦਾ ਹੈ, ਇਹ ਪ੍ਰਕ੍ਰਿਆ ਗੁਰਦਿਆਂ ਦੁਆਰਾ ਸ਼ਰੀਰ ਵਿਚੋਂ ਫਜ਼ੂਲ ਪਦਾਰਥ ਫਿਲਟਰ ਨਾ ਕਰ ਪਾਉਣ ਦੀ ਸਥਿਤੀ ਵਿੱਚ ਕੰਮ ਕਰਦੀ ਹੈ। ਪਰ, ਇਨ੍ਹਾਂ ਵਿਚੋਂ ਕਈ ਲੋਕਾਂ ਨੂੰ ਜਿੰਦਾ ਰਹਿਣ ਲਈ ਗੁਰਦੇ ਦੇ ਟ੍ਰਾਂਸਪਲਾਂਟ ਦੀ ਲੋੜ ਹੋਵੇਗੀ। ਦੋ ਗੁਰਦੇ ਇੱਕ ਹੀ ਪ੍ਰਾਪਤਕਰਤਾ ਵਿੱਚ ਇੱਕ ਨਾਲ ਟ੍ਰਾਂਸਪਲਾਂਟ ਕੀਤੇ ਜਾ ਸਕਦੇ ਹਨ ਜਾਂ ਵੱਖ-ਵੱਖ ਜਾਂ ਦੋ ਲੋਕਾਂ ਵਿੱਚ ਇੱਕ-ਇੱਕ ਗੁਰਦਾ ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ।

## ਜਿਗਰ ਦਾ ਦਾਨ

ਜਿਗਰ ਇੱਕ ਪੇਚੀਦਾ ਅੰਗ ਹੁੰਦਾ ਹੈ ਜਿਸਦੇ ਕਈ ਕੰਮ ਹੁੰਦੇ ਹਨ। ਇਸਦੇ ਮੁੱਖ ਕੰਮਾਂ ਵਿੱਚ ਪੋਸ਼ਟਿਕ ਤੱਤਾਂ (ਜਿਵੇਂ ਕਿ ਗਲੂਕੋਜ਼, ਵਿਟਾਮਿਨ ਅਤੇ ਚਰਬੀ) ਦਾ ਸੰਤੁਲਨ ਬਣਾਏ ਰੱਖਣਾ, ਫਜ਼ੂਲ ਦੇ ਪਦਾਰਥਾਂ ਨੂੰ ਹਟਾਉਣਾ ਅਤੇ ਖੂਨ ਦੇ ਗਤਲਿਆਂ ਨੂੰ ਜਮ੍ਹਣ ਨਾ ਦੇਣਾ ਸ਼ਾਮਿਲ ਹੈ। ਜਿਗਰ ਦੀ ਮੇਟਾਬੋਲਿਕ ਬੀਮਾਰੀ, ਹੇਪੇਟਾਇਟਸ ਬੀ ਜਾਂ ਸੀ, ਅਤੇ Biliary Atresia ਵਰਗੇ ਜਨਮਜਾਤ ਵਿਕਾਰਾਂ ਨਾਲ ਗ੍ਰਸਤ ਸਾਰੇ ਲੋਕਾਂ ਨੂੰ ਜਿੰਦਾ ਰਹਿਣ ਲਈ ਜਿਗਰ ਦੇ ਟ੍ਰਾਂਸਪਲਾਂਟ ਦੀ ਲੋੜ ਪੈ ਸਕਦੀ ਹੈ।

ਜਿਗਰ ਇੱਕ ਅਨੋਖਾ ਅੰਗ ਹੈ ਜੋ ਦੋਬਾਰਾ ਵਿਕਾਸ ਕਰ ਸਕਦਾ ਹੈ। ਇਸਦਾ ਇਹ ਮਤਲਬ ਹੈ ਕਿ ਬਾਲਗ ਜਿਗਰ ਆਕਾਰ ਵਿੱਚ ਘੱਟ ਹੋ ਸਕਦਾ ਹੈ ਅਤੇ ਇਸਨੂੰ ਕਿਸੇ ਛੋਟੇ ਬੱਚੇ ਵਿੱਚ ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ ਜਿੱਥੇ ਇਹ ਬੱਚੇ ਦੇ ਵੱਡੇ ਹੋਣ ਦੇ ਨਾਲ-ਨਾਲ ਵੱਡਾ ਹੋ ਸਕਦਾ ਹੈ। ਵਿਕਲਪਿਕ ਤੌਰ 'ਤੇ ਜਿਗਰ ਨੂੰ ਦੋ ਪ੍ਰਾਪਤਕਰਤਾਵਾਂ ਵਿੱਚ ਵੰਡਿਆਂ ਅਤੇ ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ।

## ਪਾਚਕ ਗ੍ਰੰਥੀ ਦਾ ਦਾਨ

ਪਾਚਕ ਗ੍ਰੰਥੀ ਵਿੱਚ ਆਈਲੇਟਸ ਕਹਿ ਜਾਣ ਵਾਲੀਆਂ ਕੋਸ਼ਿਕਾਵਾਂ ਹੁੰਦੀਆਂ ਹਨ ਜੋ ਸ਼ਰੀਰ ਵਿੱਚ ਬਲਡ ਸ਼ੂਗਰ ਦੇ ਪੱਧਰਾਂ ਨੂੰ ਨਿਯਮਿਤ ਕਰਨ ਲਈ ਇੰਸੁਲਿਨ ਪੈਦਾ ਕਰਦੀਆਂ ਹਨ। ਟਾਇਪ-1 ਡਾਈਬਿਟੀਜ਼ ਨਾਲ ਗ੍ਰਸਤ ਲੋਕਾਂ ਵਿੱਚ, ਪਾਚਕ ਗ੍ਰੰਥੀ ਬਹੁਤ ਘੱਟ ਜਾਂ ਬਿਲਕੁਲ ਵੀ ਇਨਸੁਲਿਨ ਪੈਦਾ ਨਹੀਂ ਕਰਦੀ ਹੈ, ਅਤੇ ਇਨਸੁਲਿਨ ਇੰਜੇਕਸ਼ਨ ਨਾਲ ਵੀ ਬਲਡ ਸ਼ੂਗਰ ਦੇ ਪੱਧਰਾਂ ਨੂੰ ਕਾਬੂ ਵਿੱਚ ਰੱਖਣਾ ਬਹੁਤ ਔਖਾ ਹੋ ਸਕਦਾ ਹੈ। ਵਰਤਮਾਨ ਵਿੱਚ, ਪਾਚਕ ਗ੍ਰੰਥੀ ਟ੍ਰਾਂਸਪਲਾਂਟ ਦੇ ਜਿਆਦਾਤਰ ਆਪਰੇਸ਼ਨ ਟਾਇਪ 1 ਡਾਈਬਿਟੀਜ਼ ਨਾਲ ਗ੍ਰਸਤ ਉਨ੍ਹਾਂ ਲੋਕਾਂ ਉੱਤੇ ਕੀਤੇ ਜਾਂਦੇ ਹਨ ਜਿਨ੍ਹਾਂ ਦੀ ਡਾਈਬਿਟੀਜ਼ ਕਰਕੇ ਗੁਰਦੇ ਕੰਮ ਕਰਨਾ ਬੰਦ ਕਰ ਸਕਦੇ ਹਨ। ਇਸ ਕਾਰਨ, ਪਾਚਕ ਗ੍ਰੰਥੀ ਦਾ ਟ੍ਰਾਂਸਪਲਾਂਟ ਵੀ ਉਸੇ ਦਾਨੀ ਤੋਂ ਲੈ ਕੇ ਕੀਤਾ ਜਾਂਦਾ ਹੈ ਜਿਸਤੋਂ ਗੁਰਦਾ ਲਿਆ ਜਾਂਦਾ ਹੈ।

## ਪਾਚਰ ਗ੍ਰੰਥੀ ਦੇ ਆਈਲੇਟਸ ਦਾ ਦਾਨ

ਅਜਿਹੇ ਸਮੇਂ ਹੁੰਦੇ ਹਨ ਜਦੋਂ ਇੱਕ ਪੂਰੇ ਅੰਗ ਦੇ ਤੌਰ 'ਤੇ ਪਾਚਕ ਗ੍ਰੰਥੀ ਦਾ ਟ੍ਰਾਂਸਪਲਾਂਟ ਕਰਨਾ ਸੰਭਵ ਨਹੀਂ ਹੁੰਦਾ ਹੈ। ਪਰ, ਪਾਚਕ ਗ੍ਰੰਥੀ ਦੀ ਇਨਸੁਲਿਨ ਪੈਦਾ ਕਰਨ ਵਾਲੀ ਆਈਲੇਟਸ ਕੋਸ਼ਿਕਾਵਾਂ ਡਾਈਬਿਟੀਜ਼ ਦੇ ਇਲਾਜ ਲਈ ਵੱਖ ਤੋਂ ਟ੍ਰਾਂਸਪਲਾਂਟ ਕੀਤੀਆਂ ਜਾ ਸਕਦੀਆਂ ਹਨ।

## ਅੱਖਾਂ ਦੇ ਟਿਸ਼ੂ ਦਾ ਦਾਨ

ਅੱਖਾਂ ਦੇ ਟਿਸ਼ੂ ਦਾ ਦਾਨ ਕੌਰਨੀਆ ਅਤੇ ਸਕੇਲਰਾ ਦਾ ਟ੍ਰਾਂਸਪਲਾਂਟ ਕਰਨ ਦੀ ਯੋਗਤਾ ਦੇ ਸਕਦਾ ਹੈ। ਕੌਰਨੀਆ ਇੱਕ ਸਪੱਸ਼ਟ ਟਿਸ਼ੂ ਹੁੰਦਾ ਹੈ ਜੋ ਅੱਖ ਦੇ ਰੰਗੀਨ ਭਾਗ ਨੂੰ ਢੱਕਦਾ ਹੈ। ਇਹ ਰੋਸ਼ਨੀ ਨੂੰ ਰੇਟਿਨਾ ਤੋਂ ਬਾਹਰ ਨਿਕਲਣ ਦੀ ਯੋਗਤਾ ਦਿੰਦਾ ਹੈ, ਇਸਨਾਲ ਅੱਖਾਂ ਦੀ ਰੋਸ਼ਨੀ ਮਿਲਦੀ ਹੈ। ਕੌਰਨੀਆ ਟ੍ਰਾਂਸਪਲਾਂਟ ਨਾਲ ਉਨ੍ਹਾਂ ਲੋਕਾਂ ਨੂੰ ਦੇਖਣ ਦੀ ਯੋਗਤਾ ਮੁੜ ਮਿਲਦੀ ਹੈ ਜੋ ਜੈਨੇਟਿਕ ਸਮੱਸਿਆ ਜਾਂ ਬੀਮਾਰੀ ਕਾਰਨ ਕੌਰਨੀਆ ਨੂੰ ਨੁਕਸਾਨ ਪਹੁੰਚਨ ਕਰਕੇ ਆਂਸ਼ਿਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਅੰਨ੍ਹੇ ਹੁੰਦੇ ਹਨ। ਅੱਖਾਂ ਦੇ ਆਲੇ-ਦੁਆਲੇ ਦੇ ਸਫੇਦ ਭਾਗ ਨੂੰ ਸਕੇਲਰ ਕਹਿੰਦੇ ਹਨ। ਸੱਟ ਦੇ ਕਾਰਨ ਅੰਨ੍ਹੇਪਨ ਨੂੰ ਬਚਾਉਣ ਲਈ ਜਾਂ ਜਿਨ੍ਹਾਂ ਲੋਕਾਂ ਦੀਆਂ ਅੱਖਾਂ ਤੋਂ ਕੈਂਸਰ ਹਟਾਇਆ ਜਾਂਦਾ ਹੈ, ਉਨ੍ਹਾਂ ਲਈ ਸਕੇਲਰ ਗ੍ਰਾਫਟ ਪ੍ਰਕ੍ਰਿਆ ਕੀਤੀ ਜਾਂਦੀ ਹੈ।

## ਹੱਡੀ ਦਾ ਦਾਨ

ਦਾਨ ਕੀਤੀ ਹੱਡੀ ਦੇ ਟਿਸ਼ੂਆਂ ਦੀ ਗ੍ਰਾਫਟਿੰਗ ਉਸ ਹੱਡੀ ਨੂੰ ਬਦਲਣ ਲਈ ਕੀਤੀ ਜਾ ਸਕਦੀ ਹੈ ਜੋ ਟਯੂਮਰ ਜਾਂ ਹੋਰ ਬੀਮਾਰੀ ਜਾਂ ਦੁਰਘਟਨਾਵਾਂ ਕਾਰਨ ਟੁੱਟ ਗਈ ਹੋਵੇ। ਇਸਦੀ ਵਰਤੋਂ ਫ੍ਰੇਕਚਰ ਠੀਕ ਕਰਨ, ਕੁਲਹੇ ਮਜ਼ਬੂਤ ਬਣਾਉਣ ਅਤੇ ਗੋਢੇ ਦੇ ਜੋੜਾਂ ਨੂੰ ਬਦਲਣ, ਅਤੇ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਰੀੜ ਦੀ ਹੱਡੀ (ਸਕੋਲੀਓਸਿਸ) ਦੀ ਮੁੱਰਮਤ ਕਰਨ ਲਈ ਵੀ ਕੀਤੀ ਜਾਂਦੀ ਹੈ। ਇਸ ਗੱਲ ਤੇ ਨਿਰਭਰ ਕਰਦੇ ਹੋਏ ਕਿ ਕਿਸ ਤਰ੍ਹਾਂ ਦੇ ਟ੍ਰਾਂਸਪਲਾਂਟ ਦੀ ਲੋੜ ਹੈ, ਦਸ ਤੋਂ ਵੱਧ ਲੋਕ ਇੱਕ ਹੱਡੀ ਦੇ ਦਾਨ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ।

## ਚਮੜੀ ਦਾ ਦਾਨ

ਜਿਨ੍ਹਾਂ ਲੋਕਾਂ ਦੀ ਚਮੜੀ ਨੂੰ ਗੂੜ੍ਹੇ ਸਦਮੇ ਜਾਂ ਲਾਗ ਕਰਕੇ ਨੁਕਸਾਨ ਜਾਂ ਹਾਨੀ ਹੁੰਦੀ ਹੈ, ਜਾਂ ਗੰਭੀਰ ਤਰ੍ਹਾਂ ਨਾਲ ਸੜ ਜਾਂਦੀ ਹੈ, ਉਹ ਫਿਰ ਤੋਂ ਸਿਹਤਮੰਦ ਹੋਣ ਲਈ ਚਮੜੀ ਦੇ ਗ੍ਰਾਫਟ ਪ੍ਰਕ੍ਰਿਆ ਕਰਵਾ ਸਕਦੇ ਹਨ।

ਚਮੜੀ ਦੇ ਦਾਨ ਕੀਤੇ ਜਾਣ ਤੇ, ਸਿਰਫ ਇੱਕ ਪਤਲੀ ਪਰਤ ਨੂੰ ਕੱਢਿਆ ਜਾਂਦਾ ਹੈ, ਠੀਕ ਉਵੇਂ ਜਿਵੇਂ ਧੂਪ ਨਾਲ ਚਮੜੀ ਸੜ ਗਈ ਹੋਵੇ। ਇਹ ਆਮ ਤੌਰ 'ਤੇ ਵਿਅਕਤੀ ਦੀ ਪਿੱਠ ਤੋਂ ਉਸਦੀਆਂ ਲੱਤਾਂ ਦੇ ਪਿੱਛਲੇ ਭਾਗ ਤੋਂ ਕੱਢੀ ਜਾਂਦੀ ਹੈ। ਔਸਤਨ, ਕਿਸੇ ਇੱਕ ਪ੍ਰਾਪਤਕਰਤਾ ਲਈ ਤਿੰਨ ਦਾਨੀਆਂ ਦੀ ਚਮੜੀ ਦੀ ਲੋੜ ਪੈਂਦੀ ਹੈ।

## ਦਿਲ ਦੇ ਟਿਸ਼ੂ ਦਾ ਦਾਨ

ਹਾਲਾਂਕਿ ਦਿਲ ਨੂੰ ਇੱਕ ਪੂਰੇ ਅੰਗ ਦੇ ਤੌਰ 'ਤੇ ਦਾਨ ਕੀਤਾ ਜਾ ਸਕਦਾ ਹੈ, ਪਰ ਦਿਲ ਦੇ ਟਿਸ਼ੂਆਂ ਨੂੰ ਵੱਖ ਵੀ ਦਾਨ ਕੀਤਾ ਜਾ ਸਕਦਾ ਹੈ। ਦਿਲ ਦੀਆਂ ਨਸਾਂ ਵਰਗੇ ਦਾਨ ਕੀਤੇ ਜਾਣ ਵਾਲੇ ਦਿਲ ਦੇ ਟਿਸ਼ੂਆਂ ਦੀ ਮੁੱਖ ਤੌਰ 'ਤੇ ਵਰਤੋਂ ਛੋਟੇ ਬੱਚਿਆਂ ਅਤੇ ਸ਼ਿਸ਼ੂਆਂ ਵਿੱਚ ਜਨਮਜਾਤ ਵਿਕਾਰਾਂ ਨੂੰ ਠੀਕ ਕਰਨ ਲਈ ਕੀਤੀ ਜਾਂਦੀ ਹੈ। ਟਿਸ਼ੂ ਦੀ ਵਰਤੋਂ ਬਾਲਗਾਂ ਵਿੱਚ ਮਰ ਚੁੱਕੀਆਂ ਨਸਾਂ ਨੂੰ ਬਦਲਣ ਲਈ ਵੀ ਕੀਤੀ ਜਾਂਦੀ ਹੈ।

# ਪ੍ਰਵਾਨਗੀਆਂ


## ਅਸੀਂ ਹੇਠਾਂ ਲਿੱਖੇ ਵਿਅਕਤੀਆਂ ਦਾ ਇਸ ਕਿਤਾਬ ਦਾ ਨਿਰਮਾਣ ਕਰਨ ਵਿੱਚ ਉਨ੍ਹਾਂ ਦੇ ਉਪਯੋਗੀ ਯੋਗਦਾਨ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ।

- ਅੰਗ ਅਤੇ ਟਿਸ਼ੂ ਦਾਣੀਆਂ ਦੇ ਪਰਿਵਾਰਾਂ ਦਾ, ਆਪਣੇ ਨਿੱਜੀ ਤਜਰਬੇ ਸਾਂਝੇ ਕਰਨ ਵਿੱਚ ਉਨ੍ਹਾਂ ਦੀ ਹੱਲਾਸ਼ੇਰੀ ਲਈ।
- ਟ੍ਰਾਂਸਪਲਾਂਟ ਪ੍ਰਾਪਤਕਰਤਾਵਾਂ ਦਾ, ਆਪਣੀਆਂ ਕਹਾਨੀਆਂ ਅਤੇ ਸ਼ੁਕਰਗੁਜਾਰੀ ਦੇ ਸ਼ਬਦ ਸਾਂਝੇ ਕਰਨ ਲਈ।
- ਅੰਗ ਅਤੇ ਟਿਸ਼ੂ ਦਾਨ ਸੰਸਥਾਵਾਂ ਦੇ ਨੁਮਾਇੰਦਗੇ ਜਿਨ੍ਹਾਂ ਦੇ ਦਾਣੀ ਪਰਿਵਾਰਾਂ ਅਤੇ ਪ੍ਰਾਪਤਕਰਤਾਵਾਂ ਦਾ ਸਮਰਥਨ ਕਰਨ ਦੇ ਸਮੂਹਕ ਤਜਰਬੇ ਨੇ ਇਸ ਕਿਤਾਬ ਦਾ ਨਿਰਮਾਣ ਅਤੇ ਉਸਾਰੀ ਵਿੱਚ ਮਦਦ ਦਿੱਤੀ ਹੈ।

ਖਾਸ ਤੌਰ 'ਤੇ ਅਸੀਂ Teresa Spencer Plane ਦੇ ਧੰਨਵਾਦੀ ਹਾਂ - ਜੋ ਆਸਟ੍ਰੇਲੀਆ ਵਿੱਚ ਆਧੁਨਿਕ ਹਾਸਪਾਇਸ (ਬੀਮਾਰ ਲੋਕਾਂ ਦੀ ਧਰਮਸ਼ਾਲਾ) ਅਭਿਆਨ, ਸੋਗ ਸਲਾਹਕਾਰ ਅਤੇ ਸਿੱਖਿਆ ਵਿੱਚ ਆਗੂ ਹਨ। ਅੰਗ ਦਾਨ ਕਰਨ ਦੇ ਉਨ੍ਹਾਂ ਤੇ ਨਿੱਜੀ ਤਜਰਬੇ ਨੇ ਉਨ੍ਹਾਂ ਨੂੰ ਦਾਨੀ ਪਰਿਵਾਰਾਂ ਲਈ ਆਪਣੀ ਪਹਿਲੀ ਕਿਤਾਬ ਲਿੱਖਣ ਲਈ ਪ੍ਰੇਰਿਤ ਕੀਤਾ, ਜਿਸਦਾ ਸਿਰਲੇਖ Caring Strangers ਹੈ। ਉਨ੍ਹਾਂ ਦੇ ਸਮਰਪਨ ਨੇ ਸਾਨੂੰ ਪ੍ਰੇਰਿਤ ਕੀਤਾ ਹੈ ਕਿ ਅਸੀਂ ਉਨ੍ਹਾਂ ਦੇ ਬੁਨਿਯਾਦੀ ਕੰਮ ਨੂੰ ਅੱਗੇ ਵਧਾਇਏ। DonateLife Network, ਸਾਡੇ ਭਾਈਚਾਰੇ ਅਤੇ ਪ੍ਰਾਪਤਕਰਤਾਵਾਂ ਵਲੋਂ ਅਸੀਂ ਦੂਜਿਆਂ ਬਾਰੇ ਸੋਚ-ਵਿਚਾਰ ਕਰਨ ਨੂੰ ਲੈ ਕੇ ਤੁਹਾਡੀ ਉਦਾਰਤਾ ਲਈ ਤੁਹਾਡਾ ਧੰਨਵਾਦ ਕਰਦੇ ਹਾਂ।

"ਸ਼ਬਦਕੋਸ਼ ਵਿੱਚ ਅਜਿਹੇ ਕੋਈ ਸ਼ਬਦ ਨਹੀਂ ਹਨ ਜੋ ਉਸ ਸ਼ੁਕਰਗੁਜਾਰੀ ਦਾ ਚੰਗੀ ਤਰ੍ਹਾਂ ਵੇਰਵਾ ਕਰਨ ਜੋ ਸਾਡੇ ਦਾਨੀ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਾਡੇ ਦਿਲ ਵਿੱਚ ਹਨ। ਸਿਰਫ ਧੰਨਵਾਦ ਕਹਿਣਾ ਜਾਂ ਕਰਨਾ ਦੀ ਲੋੜੀਂਦਾ ਨਹੀਂ ਹੈ।"

ਇੱਕ ਬਾਲ ਚਿਕਿਤਸਾ ਟਿਸ਼ੂ ਪ੍ਰਾਪਤਕਰਤਾ ਦੀ ਮਾਂ



donatelife



## ਸੰਪਰਕ


**ਆਰਗਨ ਐਂਡ ਟਿਸ਼ੂ ਅਥਾਰਟੀ**

PO Box 802, Canberra ACT 2608

ਟੈਲੀਫੋਨ (02) 6198 9800
ਈਮੇਲ enquiries@donatelife.gov.au

**www.donatelife.gov.au**

twitter.com/DonateLifeToday
facebook.com/DonateLifeAustralia
instagram.com/DonateLifeToday